Friday, June 06, 2025

# ਪੰਜਾਬੀ ਜਰਨਲ
# PUNJABI JOURNAL

ਜੇਠ 24, ਨਾਨਕਸ਼ਾਹੀ ਸੰਮਤ: 555 | Volume: 18, Issue: 22 | Ph: 778-957-3646
www.punjabijournal.ca, Email: punjabijournal@gmail.com

WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC V2T 5W8

SURREY
Unit 201 8318 120 St Surrey, BC V3W 3N4

SOUTH SURREY
Unit 204, 15850 24 Avenue, Surrey, BC V3Z 0G1

wcc.ca | Tel : 604.594.3500

# ਕੈਨੇਡਾ ’ਚ ਇੰਮੀਗ੍ਰੇਸ਼ਨ ਸਿਸਟਮ ਨਾਲ ਖਿਲਵਾੜ ਕਰਨ ਵਾਲੇ ਹੁਣ ਨਹੀਂ ਬਖਸ਼ੇ ਜਾਣਗੇ

## ਕਾਰਨੀ ਦੀ ਸਰਕਾਰ ਨੇ ਚੁੱਕੇ ਸਖਤ ਕਦਮ




**ਟੋਰਾਂਟੋ**: ਕੈਨੇਡਾ ਵਿਚ ਬੀਤੇ ਸਾਲਾਂ ਦੀ ਬੇਲਗਾਮ ਇੰਮੀਗ੍ਰੇਸ਼ਨ ਅਤੇ ਵੀਜ਼ਾ ਨੀਤੀ ਕਾਰਨ ਹਰੇਕ ਪੱਧਰ ’ਤੇ ਸਮਾਜਿਕ ਨਿਘਾਰ, ਦੇਸ਼ ਦਾ ਵੱਕਾਰ ਖਰਾਬ ਹੋਣ ਦੇ ਹਾਲਾਤ, ਜੁਰਮ ਬਹੁਤ ਵਧਣ ਤੇ ਅਮਰੀਕੀ ਸਰਕਾਰ ਦੇ ਦਬਾਅ ਨੂੰ ਭਾਂਪਦੇ ਹੋਏ ਬੀਤੇ ਮਹੀਨੇ ਨਵੀਂ ਬਣੀ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਵਲੋਂ ਕੁਝ ਬੜੀ ਦੇਰ ਤੋਂ ਲੋੜੀਂਦੀਆਂ ਸਖਤੀਆਂ ਆਖਿਰ ਅਮਲ ਵਿਚ ਲਿਆਉਣ ਲਈ ਨਵਾਂ ਕਾਨੂੰਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਕੈਨੇਡਾ ਦੇ ਜਨਤਕ ਸੁਰੱਖਿਆ ਮੰਤਰੀ ਗੈਰੀ ਅਨੰਦਾਸੰਗਾਰੀ ਵਲੋਂ ਬੀਤੇ ਦਿਨ ਸੰਸਦ ਵਿਚ ਬਿੱਲ ਸਟ੍ਰਾਂਗਰ ਬਾਰਡ੍ਰਜ਼ ਐਕਟ ਪੇਸ਼ ਕੀਤਾ ਗਿਆ ਹੈ ਜਿਸ ਬਾਰੇ ਬੋਲਦਿਆਂ ਉਨ੍ਹਾਂ ਆਖਿਆ ਕਿ ਸਾਡੀ ਸਰਕਾਰ ਦੇਸ਼ ਨੂੰ ਸੁਰੱਖਿਅਤ ਰੱਖਣ ਤੇ ਸਰਹੱਦਾਂ ਦੀ ਰਾਖੀ ਲਈ ਅਮਰੀਕੀ ਪ੍ਰਸ਼ਾਸਨ ਨਾਲ ਮਿਲ਼ ਕੇ ਕੰਮ ਕਰਨ ਲਈ ਵਚਨਬੱਧ ਹੈ। ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਕਿਹਾ ਕਿ ਦੇਸ਼ ਦੇ ਇੰਮੀਗ੍ਰੇਸ਼ਨ ਅਤੇ ਸ਼ਰਨਾਰਥੀ ਸਿਸਟਮ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਵਿੱਤ ਮੰਤਰੀ ਫਰਾਂਸੁਆ ਫਿਲਿਪ ਸ਼ੈਂਪੇਨ ਨੇ ਕਿਹਾ ਇਹ ਬਿੱਲ ਪਾਸ ਹੋਣ ਮਗਰੋਂ ਕਾਲਾ ਧੰਨ ਚਿੱਟਾ ਕਰਨ ਤੇ ਅੱਤਵਾਦੀਆਂ ਦੀ ਵਿੱਤੀ ਮਦਦ ਕੀਤੇ ਜਾਣ ਦੇ ਅਪਰਾਧਾਂ ਦੀ ਨਜ਼ਰਸਾਨੀ ਕਰਨ ਵਿਚ ਮਦਦ ਮਿਲੇਗੀ। ਇਸ ਬਿੱਲ ਵਿਚ ਕੈਨੇਡਾ ਤੋਂ ਵਿਦੇਸ਼ਾਂ ਨੂੰ ਨਿਰਯਾਤ ਤੇ ਆਯਾਤ ਕੀਤੇ ਜਾਣ ਵਾਲੇ ਸਮਾਨ ਦੀ ਜਾਂਚ ਤੇ ਹਿਸਾਬ ਰੱਖਣ ਲਈ ਕੈਨੇਡਾ ਬਾਰਡਰ ਸਰਵਿਸਿਜ਼ ਅਧਿਕਾਰੀਆਂ ਨੂੰ ਵੱਧ ਅਧਿਕਾਰ ਮਿਲਣਗੇ ਤੇ ਦੇਸ਼ ਅੰਦਰ ਕਾਰੋਬਾਰੀਆਂ ਦੇ ਵੇਅਰਹਾਊਸਾਂ ਵਿਚ ਜਾ ਕੇ ਪੜਤਾਲ਼ ਕੀਤੀ ਜਾ ਸਕੇਗੀ। ਇਹ ਵੀ ਕਿ ਸ਼ੱਕ ਪੈਣ ‘ਤੇ ਡਾਕ ਵਿਭਾਗ ਵਲੋਂ ਜਾਂਚ ਅਧਿਕਾਰੀਆਂ ਲਈ ਚਿੱਠੀਆਂ ਤੇ ਡੱਬੇ ਖੋਲ੍ਹੇ ਵੀ ਜਾ ਸਕਣਗੇ। ਸ਼ਰਾਨਾਰਥੀ ਕੇਸ ਕਰਨ ਦੇ ਮੌਜੂਦਾ ਲਚਕੀਲੇ ਨਿਯਮਾਂ ਨੂੰ ਨੱਥਿਆ ਜਾ ਰਿਹਾ ਹੈ ਤਾਂ ਕਿ ਇਸ ਪ੍ਰਕਿਰਿਆ ਨੂੰ ਦੇਸ਼ ਵਿਚ ਵੜਨ ਦੇ ਸਾਧਨ ਵਜੋਂ ਨਾ ਵਰਤਿਆ ਜਾ ਸਕੇ। ਬੀਤੇ ਕੁਝ ਸਾਲਾਂ ਤੋਂ ਏਜੰਟਾਂ ਰਾਹੀਂ ਨਕਲੀ ਦਸਤਾਵੇਜ਼ਾਂ ਨਾਲ਼ ਕੈਨੇਡਾ ਦਾ ਵਿਜ਼ਟਰ ਵੀਜ਼ਾ ਲੈ ਕੇ ਕੈਨੇਡਾ ਪਹੁੰਚਣ ’ਤੇ ਹਵਾਈ ਅੱਡੇ ਤੋਂ ਵਾਪਸ ਮੋੜੇ ਜਾਣ ਮੌਕੇ ਵਿਦੇਸ਼ੀਆਂ (ਭਾਰਤੀਆਂ) ਵਲੋਂ ਸ਼ਰਨਾਰਥੀ ਸਿਸਟਮ ਨੂੰ ਹੱਥਠੋਕੇ ਵਜੋਂ ਵਰਤਣਾ ਆਮ ਗੱਲ ਹੋ ਚੁੱਕੀ ਹੈ। ਨਵੇਂ ਕਾਨੂੰਨ ਵਿਚ ਕੈਨੇਡਾ ਵਿਚ ਜਾ ਕੇ 1 ਸਾਲ ਦਾ ਸਮਾਂ ਪੂਰਾ ਹੋ ਜਾਣ ਮਗਰੋਂ ਸ਼ਰਨਾਰਥੀ ਕੇਸ ਅਪਲਾਈ ਕਰਨਾ ਸੰਭਵ ਨਹੀਂ ਰਹੇਗਾ ਤੇ ਅਮਰੀਕਾ ਤੋਂ ਕੈਨੇਡਾ ’ਚ ਵੜ ਕੇ ਵੀ ਸ਼ਰਨਾਰਥੀ ਬਣਨਾ ਸੰਭਵ ਨਹੀਂ ਰਹੇਗਾ¢ ਇਸਦੇ ਨਾਲ ਹੀ ਸ਼ਰਨਾਰਥੀ ਸਿਸਟਮ ਦੀ ਜਟਿੱਲਤਾ (ਦਿਆਲਤਾ) ਕਰਕੇ ਕੇਸਾਂ ਦਾ ਫੈਸਲਾ ਕਰਨ ਨੂੰ ਲਗਦੇ ਕਈ ਸਾਲਾਂ ਦੇ ਸਮੇਂ ਨੂੰ ਖਤਮ ਕਰਨ ਲਈ ਕੈਨੇਡਾ ਦੀ ਸਰਕਾਰ ਵਲੋਂ ਹਵਾਈ ਅੱਡਿਆਂ ਅੰਦਰ ਸ਼ਰਨਾਰਥੀ ਕੇਸ ਅਪਲਾਈ ਕਰਨ ਤੇ ਅਧਿਕਾਰੀਆਂ ਨੂੰ ਵੱਧ ਅਧਿਕਾਰ ਦੇ ਕੇ ਉਨ੍ਹਾਂ ਕੇਸਾਂ ਦੇ ਫੈਸਲੇ ਕਰਨ ਦੀ ਪ੍ਰਕਿਰਿਆ ਤੇਜ਼ ਕੀਤੇ ਜਾਣ ਦਾ ਪ੍ਰਸਤਾਵ ਹੈ। ਇਕ ਵਿਵਸਥਾ ਇਹ ਵੀ ਕੀਤੀ ਜਾ ਰਹੀ ਹੈ ਕਿ ਕੈਨੇਡਾ ਵਿਚ ਵਿਜ਼ਟਰ ਵੀਜ਼ਾ, ਸਟੱਡੀ ਪਰਮਿਟ, ਵਰਕ ਪਰਮਿਟ ਆਦਿਕ ਦੀ ਤਰੀਕ ਵਧਾਉਣ ਦੀ ਅਰਜ਼ੀ ਲਗਾ ਕੇ ਫੈਸਲਾ ਹੋਣ ਤੱਕ ਇੰਤਜ਼ਾਰ ਦੇ ਸਮੇਂ ਨੂੰ ਕੈਨੇਡਾ ਵਿਚ ਆਰਜ਼ੀ ਠਾਹਰ ਦੇ ਹੱਥਠੋਕੇ ਵਜੋਂ ਵਰਤਣਾ ਸੰਭਵ ਨਹੀਂ ਰਹੇਗਾ ¢ ਇਕ ਅਰਜ਼ੀ ਤੋਂ ਇਨਕਾਰ ਹੋਣ ਤੋਂ ਬਾਅਦ ਅਗਲੀ ਕਿਸੇ ਹੋਰ ਵੀਜ਼ਾ ਜਾਂ ਪਰਮਿਟ ਦੀ ਅਰਜ਼ੀ ਲਗਾ ਕੇ ਫੈਸਲੇ ਦਾ ਇੰਤਜ਼ਾਰ ਨਿਯਮਾਂ ਅਨੁਸਾਰ ਯੋਗ ਨਹੀਂ ਰਹੇਗਾ। ਇਸ ਸਾਲ ਦੇ ਸ਼ੁਰੂ ਤੋਂ ਅਮਰੀਕਾ ਨਾਲ਼ ਕੈਨੇਡਾ ਦੀ ਚੱਲ ਰਹੀ ਵਪਾਰਕ ਜੰਗ ਵੀ ਆਪਣੀ ਚਰਮਸੀਮਾ ’ਤੇ ਪੁੱਜੀ ਹੋਈ ਹੈ ਜਿਸ ਕਰਕੇ ਕੈਨੇਡਾ ਸਰਕਾਰ ਨੂੰ ਆਪਣੇ ਢਿੱਲੇ ਕਾਨੂੰਨੀ ਸਿਸਟਮ ਦਰੁੱਸਤ ਕਰਨ ਲਈ ਤੇਜ਼ੀ ਵੀ ਕਰਨੀ ਪੈ ਰਹੀ ਹੈ।

SABZI MANDI SUPERMARKET
Chal Chaliye Sabzi Mandi Chal Chaliye ...
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

RETURN UNDELIVERABLE TO CIRCULATION WING - SW MEDIA GROUP #13 - 11888 MELLIS DR. RICHMOND BC V6X 1M1 PUBLICATION MAIL Contract/Agreement # is 41798524.

# ਅਮਰੀਕਾ 'ਚ ਖਾਲਿਸਤਾਨੀਆਂ ਦਾ ਭਾਰਤ ਵਿਰੋਧੀ ਏਜੰਡਾ, ਸ਼ਸ਼ੀ ਥਰੂਰ ਦਾ ਘਿਰਾਓ

**ਵਾਸ਼ਿੰਗਟਨ:** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. 'ਚ ਖਾਲਿਸਤਾਨੀ ਸਮਰਥਕਾਂ ਨੇ ਭਾਰਤੀ ਸੰਸਦ ਮੈਂਬਰ ਸ਼ਸ਼ੀ ਥਰੂਰ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਇਹ ਵਿਰੋਧ ਉਦੋਂ ਹੋਇਆ, ਜਦੋਂ ਥਰੂਰ ਇਕ ਬਹੁ-ਪਾਰਟੀ ਸੰਸਦੀ ਦੌਰੇ ਤਹਿਤ ਅਮਰੀਕੀ ਅਧਿਕਾਰੀਆਂ ਨੂੰ ਮਿਲਣ ਲਈ ਨੈਸ਼ਨਲ ਪ੍ਰੈੱਸ ਬਿਲਡਿੰਗ ਪਹੁੰਚੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਪਾਕਿਸਤਾਨ ਅਤੇ ਅਮਰੀਕਾ ਦੇ ਝੰਡੇ ਸਨ ਅਤੇ ਉਹ 'ਸਿੱਖਸ ਫਾਰ ਜਸਟਿਸ (ਐੱਸ. ਐੱਫ. ਜੇ.)' ਨਾਮਕ ਪਾਬੰਦੀਸ਼ੁਦਾ ਸੰਗਠਨ ਨਾਲ ਜੁੜੇ ਦੱਸੇ ਜਾ ਰਹੇ ਹਨ। ਵਿਰੋਧ ਪ੍ਰਦਰਸ਼ਨ ਦੌਰਾਨ ਨਾ ਸਿਰਫ

ਭਾਰਤ ਵਿਰੋਧੀ ਨਾਅਰੇ ਲਾਏ ਗਏ ਸਗੋਂ ਇਕ ਪ੍ਰਦਰਸ਼ਨਕਾਰੀ ਨੇ ਜਨਤਕ ਤੌਰ 'ਤੇ ਭਾਰਤੀ ਝੰਡੇ ਨੂੰ ਪਾੜ ਕੇ ਉਸ ਦਾ : ਅਪਮਾਨ ਕੀਤਾ, ਜਿਸ ਦੀ ਹੁਣ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ।





ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਹ 'ਭਾਰਤੀ ਰਾਜ ਦੀਆਂ ਦਮਨਕਾਰੀ ਨੀਤੀਆਂ' ਅਤੇ 'ਪੰਜਾਬ' 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਵਿਰੋਧ ਕਰਨ ਆਏ ਸਨ ਪਰ ਤਿਰੰਗੇ ਦੇ ਅਪਮਾਨ ਅਤੇ ਭੜਕਾਊ ਲਹਿਜੇ ਨੇ ਇਸ ਵਿਰੋਧ ਪ੍ਰਦਰਸ਼ਨ ਨੂੰ ਵਿਵਾਦਪੂਰਨ ਬਣਾ ਦਿੱਤਾ ਹੈ।

**ਅਸੀਂ ਡਰਨ ਵਾਲੇ ਨਹੀਂ : ਸ਼ਸ਼ੀ ਥਰੂਰ**

ਸ਼ਸ਼ੀ ਥਰੂਰ ਨੇ ਵਿਰੋਧ ਪ੍ਰਦਰਸ਼ਨ ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਵਿਰੋਧ ਪ੍ਰਦਰਸ਼ਨ ਭਾਰਤ ਦੇ ਲੋਕਤੰਤਰ ਅਤੇ ਭਾਰਤ ਨਾਗਰਿਕ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ। ਅਸੀਂ ਇੱਥੇ ਸ਼ਾਂਤੀ ਅਤੇ ਲੋਕਤੰਤਰ ਦਾ ਸੰਦੇਸ਼ ਲੈ ਕੇ ਆਏ ਹਾਂ। ਅਜਿਹੀਆਂ ਕਾਰਵਾਈਆਂ ਸਾਨੂੰ ਡਰਾਉਣ ਵਾਲੀਆਂ ਨਹੀਂ ਹਨ। ਕੂਟਨੀਤਕ ਸੂਤਰਾਂ ਅਨੁਸਾਰ ਭਾਰਤ ਸਰਕਾਰ ਇਸ ਘਟਨਾ ਨੂੰ ਲੈ ਕੇ ਅਮਰੀਕੀ ਪ੍ਰਸ਼ਾਸਨ ਕੋਲ ਸਖ਼ਤ ਇਤਰਾਜ਼ ਦਰਜ ਕਰਵਾ ਸਕਦੀ ਹੈ।

## ਗੜ੍ਹਸ਼ੰਕਰ ਦੇ ਨੌਜਵਾਨ ਨੇ ਕੈਨੇਡਾ 'ਚ ਕਰਵਾਈ ਬੱਲੇ-ਬੱਲੇ



**ਗੜ੍ਹਸ਼ੰਕਰ:** ਪੰਜਾਬੀ ਨੌਜਵਾਨ ਨੇ ਕੈਨੇਡਾ ਵਿਚ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਦਰਅਸਲ ਸੇਵਾਮੁਕਤ ਸੂਬੇਦਾਰ ਸਰਦਾਰ ਲਾਲ ਰਾਣਾ ਦੇ ਪੁੱਤਰ ਗੜ੍ਹਸ਼ੰਕਰ ਦੇ ਨੌਜਵਾਨ ਵਿਸ਼ਾਲ ਰਾਣਾ ਨੇ ਕੈਨੇਡੀਅਨ ਫ਼ੌਜ ਵਿਚ ਕਮਿਸ਼ਨ ਪ੍ਰਾਪਤ ਕਰਕੇ ਅਤੇ ਲੈਫਟੀਨੈਂਟ ਦਾ ਰੈਂਕ ਪ੍ਰਾਪਤ ਕਰਕੇ ਆਪਣੇ ਪਰਿਵਾਰ, ਗੜ੍ਹਸ਼ੰਕਰ ਖੇਤਰ ਅਤੇ ਪੂਰੇ ਪੰਜਾਬ ਦਾ ਮਾਣ ਵਧਾਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਸ਼ਾਲ ਰਾਣਾ ਦੇ ਪਿਤਾ ਸੇਵਾਮੁਕਤ ਸੂਬੇਦਾਰ ਸਰਦਾਰ ਲਾਲ ਰਾਣਾ ਅਤੇ ਮਾਂ ਸੁਦੇਸ਼ ਕੁਮਾਰੀ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਬੀ. ਟੈੱਕ. ਕਰਨ ਤੋਂ ਬਾਅਦ ਜਨਵਰੀ 2018 ਵਿਚ ਆਪਣੀ ਮਾਸਟਰ ਡਿਗਰੀ ਕਰਨ ਲਈ ਕੈਨੇਡਾ ਗਿਆ ਸੀ। ਉੱਥੇ ਵਿਸ਼ਾਲ ਰਾਣਾ ਨੇ ਹੰਬਰ ਕਾਲਜ ਬਰੈਂਪਟਨ ਤੋਂ ਵਾਇਰਲੈੱਸ ਕਮਿਊਨੀਕੇਸ਼ਨ ਵਿਚ ਮਾਸਟਰ ਡਿਗਰੀ ਹਾਸਲ ਕੀਤੀ। ਉਸ ਨੇ ਕੈਨੇਡਾ ਵਿਚ ਕੁਝ ਮਹੱਤਵਪੂਰਨ ਅਹੁਦਾ ਹਾਸਲ ਕਰਨ ਲਈ ਅਣਥੱਕ ਸੰਘਰਸ਼ ਕੀਤਾ। ਵਿਸ਼ਾਲ ਰਾਣਾ ਨੇ ਪਿਛਲੇ ਮਹੀਨੇ ਕੈਨੇਡੀਅਨ ਫ਼ੌਜ ਵਿਚ ਆਪਣਾ ਕਮਿਸ਼ਨ ਪ੍ਰਾਪਤ ਕੀਤਾ ਅਤੇ ਲੈਫਟੀਨੈਂਟ ਦਾ ਅਹੁਦਾ ਸੰਭਾਲਿਆ। ਜਿੱਥੇ ਵਿਸ਼ਾਲ ਰਾਣਾ ਦੀ ਪ੍ਰਾਪਤੀ 'ਤੇ ਉਸ ਦਾ ਪੂਰਾ ਪਰਿਵਾਰ ਮਾਣ ਕਰ ਰਿਹਾ ਹੈ, ਉੱਥੇ ਹੀ ਗੜ੍ਹਸ਼ੰਕਰ ਅਤੇ ਪੂਰਾ ਪੰਜਾਬ ਵੀ ਮਾਣ ਮਹਿਸੂਸ ਕਰ ਰਿਹਾ ਹੈ। ਵਿਸ਼ਾਲ ਰਾਣਾ ਉਨ੍ਹਾਂ ਨੌਜਵਾਨਾਂ ਲਈ ਇਕ ਮਿਸਾਲ ਬਣ ਗਿਆ ਹੈ, ਜੋ ਵਿਦੇਸ਼ ਜਾਣਾ ਚਾਹੁੰਦੇ ਹਨ ਪਰ ਉੱਥੇ ਮਜ਼ਦੂਰ ਵਰਗ ਵਿਚ ਰਹਿੰਦੇ ਹਨ। ਇਕ ਉੱਚਾ ਅਹੁਦਾ ਪ੍ਰਾਪਤ ਕਰਕੇ ਵਿਸ਼ਾਲ ਰਾਣਾ ਨੇ ਦੇਸ਼ ਦੇ ਨੌਜਵਾਨਾਂ ਲਈ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰਨ ਲਈ ਇਕ ਮਿਸਾਲ ਕਾਇਮ ਕੀਤੀ ਹੈ। ਉਸ ਦੇ ਪਿਤਾ ਸਰਦਾਰ ਲਾਲ ਰਾਣਾ ਨੇ ਦੱਸਿਆ ਕਿ ਉਸ ਦੇ ਸਿਰਫ਼ ਦੋ ਬੱਚੇ ਹਨ, ਇਕ ਪੁੱਤਰ ਅਤੇ ਇਕ ਧੀ। ਵਿਸ਼ਾਲ ਦੀ ਇਕ ਭੈਣ ਵੰਦਨਾ ਰਾਣਾ ਹੈ, ਜਿਸ ਨੇ ਬੀ. ਏ. ਐੱਮ. ਐੱਸ. ਪੂਰੀ ਕੀਤੀ ਹੈ ਅਤੇ ਉਹ ਹੁਣ ਇੰਗਲੈਂਡ ਵਿਚ ਹੈ।

## ਯੂਟਿਊਬਰ ਜਸਬੀਰ ਦੇ ਮੋਬਾਈਲ 'ਚੋਂ ਮਿਲੇ 150 ਪਾਸਿਕਤਾਨੀ ਨੰਬਰ

**ਐੱਸਏਐੱਸ ਨਗਰ** : ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਯੂਟਿਊਬਰ ਜਸਬੀਰ ਸਿੰਘ ਬਾਰੇ ਨਵੇਂ ਤੱਥ ਸਾਹਮਣੇ ਆਏ ਹਨ। ਜਾਂਚ ਦੌਰਾਨ ਉਸਦੇ ਮੋਬਾਈਲ ਵਿਚੋਂ 150 ਤੋਂ ਵੱਧ ਪਾਕਿਸਤਾਨੀ ਨੰਬਰ ਮਿਲੇ ਹਨ, ਜਿਨ੍ਹਾਂ 'ਚ ਕਈ ਪਾਕਿਸਤਾਨੀ ਅਧਿਕਾਰੀ ਅਤੇ ਆਈਐੱਸਆਈ ਏਜੰਟਾਂ ਦੇ ਹੋਣ ਦੀ ਸੰਭਾਵਨਾ ਮੰਨੀ ਜਾ ਰਹੀ ਹੈ। ਪਿੰਡ ਦੇ ਲੋਕਾਂ ਅਨੁਸਾਰ, ਤਿੰਨ ਏਕੜ ਜ਼ਮੀਨ ਦੇ ਮਾਲਕ ਜਸਬੀਰ ਸਿੰਘ ਖੇਤੀਬਾੜੀ ਦੇ ਨਾਲ-ਨਾਲ "ਜਾਨ ਮਹਿਲ" ਨਾਮ ਦਾ ਇਕ ਯੂਟਿਊਬ ਚੈਨਲ ਅਤੇ ਫੇਸਬੁੱਕ ਪੇਜ ਵੀ ਚਲਾ ਰਿਹਾ ਹੈ, ਜਿਨ੍ਹਾਂ ਤੋਂ ਉਸ ਨੂੰ ਚੰਗੀ ਆਮਦਨ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਜਸਬੀਰ ਸਿੰਘ ਹਿਸਾਰ (ਹਰਿਆਣਾ) ਦੀ ਗ੍ਰਿਫ਼ਤਾਰ ਕੀਤੀ ਯੂਟਿਊਬਰ ਜਯੋਤੀ ਮਲਹੋਤਰਾ ਦੇ ਸੰਪਰਕ ਵਿਚ ਸੀ। 16 ਮਈ 2025 ਨੂੰ ਜਯੋਤੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਕ ਤਸਵੀਰ ਸਾਹਮਣੇ ਆਈ, ਜਿਸ ਚ ਜਸਬੀਰ ਵੀ ਮੌਜੂਦ ਸੀ। ਇਨ੍ਹਾਂ ਗਤੀਵਿਧੀਆਂ ਦੇ ਆਧਾਰ 'ਤੇ ਉਹ ਸੁਰੱਖਿਆ ਏਜੰਸੀਆਂ ਦੇ ਰਡਾਰ 'ਚ ਆ ਗਿਆ।



ਆਲੀਸ਼ਾਨ ਕੋਠੀ ਤਿਆਰ ਕਰ ਰਿਹਾ ਸੀ, ਪਰਿਵਾਰ ਅਚਾਨਕ ਹੋਇਆ ਲਾਪਤਾ : ਜਸਬੀਰ ਸਿੰਘ ਜ਼ਿਲ੍ਹਾ ਐੱਸਏਐੱਸ ਨਗਰ ਦੇ ਪਿੰਡ ਮਹਲਾਂ ਦਾ ਰਹਿਣ ਵਾਲਾ ਹੈ। ਉਸਦੇ ਘਰ 'ਚ ਨਾ ਤਾਂ ਉਸ ਦੀ ਪਤਨੀ ਹੈ ਅਤੇ ਨਾ ਹੀ ਪੁੱਤਰ, ਜੋ ਮੰਗਲਵਾਰ ਤਕ ਘਰ 'ਚ ਮੌਜੂਦ ਸਨ, ਪਰ ਬੁੱਧਵਾਰ ਤੋਂ ਲਾਪਤਾ ਹਨ। ਪਿੰਡ ਵਿਚ ਤਿੰਨ ਏਕੜ ਜ਼ਮੀਨ ਦਾ ਮਾਲਕ ਜਸਬੀਰ ਪਿਛਲੇ ਕੁਝ ਮਹੀਨਿਆਂ ਤੋਂ ਘਰ ਵਿਚ ਰਹਿ ਕੇ ਇਕ ਆਲੀਸ਼ਾਨ ਕੋਠੀ ਬਣਵਾ ਰਿਹਾ ਸੀ।

ਪਿੰਡ ਦੇ ਸਰਪੰਚ ਇੰਦਰਜੀਤ ਸਿੰਘ ਨੇ ਦੱਸਿਆ ਕਿ 4 ਮਈ ਨੂੰ ਪੁਲਿਸ ਵੱਲੋਂ ਜਸਬੀਰ ਦੀ ਗ੍ਰਿਫ਼ਤਾਰੀ ਬਾਰੇ ਸੂਚਨਾ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਜਸਬੀਰ ਪਹਿਲਾਂ ਨਾਰਵੇ 'ਚ ਵੀ ਰਹਿ ਚੁੱਕਾ ਹੈ ਅਤੇ ਹੋ ਸਕਦਾ ਹੈ ਕਿ ਉਸ ਕੋਲ ਪੈਸਾ ਪਹਿਲਾਂ ਤੋਂ ਹੋਵੇ, ਇਸ ਕਰਕੇ ਦੋਸ਼ ਗ਼ਲਤ ਵੀ ਹੋ ਸਕਦੇ ਹਨ।

ਬੈਂਕ ਅਕਾਊਂਟਾਂ ਅਤੇ ਸੰਪਰਕਾਂ ਦੀ ਵੀ ਹੋ ਰਹੀ ਪੜਤਾਲ : ਪੰਜਾਬ ਪੁਲਿਸ ਵੱਲੋਂ ਜਸਬੀਰ ਸਿੰਘ ਨੂੰ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਲਿਆ ਗਿਆ ਹੈ। ਪੁਲਿਸ ਨੇ ਉਸਦੇ ਬੈਂਕ ਅਕਾਊਂਟ ਅਤੇ ਵਿਦੇਸ਼ੀ ਸੰਪਰਕਾਂ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਇਹ ਵੀ ਜਾਂਚ ਕੀਤਾ ਜਾ ਰਿਹਾ ਹੈ ਕਿ ਜਸਬੀਰ ਦੀ ਜਾਇਦਾਦ ਉਨ੍ਹਾਂ ਦੀ ਆਪਣੀ ਕਮਾਈ ਨਾਲ ਬਣੀ ਹੈ ਜਾਂ ਜਾਸੂਸੀ ਦੀ ਆਮਦਨ ਨਾਲ।

# PUNJABI JOURNAL

SW MEDIA GROUP

Volume: 18, Issue: 22 || Ph: 778-957-3646 || Friday, June 06, 2025


## ਕੈਨੇਡੇ ਦੇ ਪ੍ਰਧਾਨ ਮੰਤਰੀ ਕਾਰਨੀ ਨੇ PM ਮੋਦੀ ਨਾਲ ਫੋਨ ਤੇ ਕੀਤੀ ਗੱਲ, G-7 ਸੰਮੇਲਨ ਦਾ ਦਿੱਤਾ ਸੱਦਾ



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਮਾਰਕ ਜੇ. ਕਾਰਨੀ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਹਾਲੀਆ ਚੋਣ ਜਿੱਤ 'ਤੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਮੋਦੀ ਨੇ ਇਸ ਮਹੀਨੇ ਦੇ ਅੰਤ ਵਿੱਚ ਕੈਨੇਡਾ ਦੇ ਕਨਾਨਾਸਕਿਸ ਵਿੱਚ ਹੋਣ ਵਾਲੇ ਜੀ-7 ਸੰਮੇਲਨ ਲਈ ਸੱਦਾ ਦੇਣ ਲਈ ਕਾਰਨੀ ਦਾ ਧੰਨਵਾਦ ਵੀ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲਬਾਤ 'ਤੇ ਖੁਸ਼ੀ ਪ੍ਰਗਟ ਕੀਤੀ ਹੈ। ਟਵਿੱਟਰ 'ਤੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ, ਪ੍ਰਧਾਨ ਮੰਤਰੀ ਨੇ ਲਿਖਿਆ, 'ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਜੇ ਕਾਰਨੀ ਨਾਲ ਫ਼ੋਨ 'ਤੇ ਗੱਲ ਕਰਕੇ ਖੁਸ਼ੀ ਹੋਈ। ਹਾਲੀਆ ਚੋਣਾਂ ਵਿੱਚ ਉਨ੍ਹਾਂ ਦੀ ਜਿੱਤ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਇਸ ਮਹੀਨੇ ਦੇ ਅੰਤ ਵਿੱਚ ਕਨਾਨਾਸਕਿਸ ਵਿੱਚ ਹੋਣ ਵਾਲੇ G7 ਸੰਮੇਲਨ ਵਿੱਚ ਮੈਨੂੰ ਸੱਦਾ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।'

ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਭਾਰਤ ਅਤੇ ਕੈਨੇਡਾ, ਜੋ ਕਿ ਜੀਵੰਤ ਲੋਕਤੰਤਰ ਅਤੇ ਡੂੰਘੇ ਲੋਕਾਂ ਤੋਂ ਲੋਕਾਂ ਦੇ ਸਬੰਧਾਂ ਨਾਲ ਜੁੜੇ ਹੋਏ ਹਨ, ਆਪਸੀ ਸਤਿਕਾਰ ਅਤੇ ਸਾਂਝੇ ਹਿੱਤਾਂ ਦੇ ਆਧਾਰ 'ਤੇ ਨਵੀਂ ਊਰਜਾ ਨਾਲ ਮਿਲ ਕੇ ਕੰਮ ਕਰਨਗੇ। ਉਨ੍ਹਾਂ ਨੇ G7 ਸੰਮੇਲਨ ਵਿੱਚ ਪ੍ਰਧਾਨ ਮੰਤਰੀ ਕਾਰਨੀ ਨੂੰ ਮਿਲਣ ਦੀ ਉਮੀਦ ਵੀ ਪ੍ਰਗਟ ਕੀਤੀ ਅਤੇ ਕਿਹਾ ਕਿ ਅਸੀਂ ਸੰਮੇਲਨ ਵਿੱਚ ਆਪਣੀ ਮੁਲਾਕਾਤ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਾਂ।

ਭਾਰਤ-ਕੈਨੇਡਾ ਦੀ ਇਹ ਗੱਲਬਾਤ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਦੁਵੱਲੇ ਸਬੰਧਾਂ ਨੂੰ ਹੋਰ ਡੂੰਘਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਭਾਰਤ ਅਤੇ ਕੈਨੇਡਾ ਵਿਚਕਾਰ ਸੱਭਿਆਚਾਰਕ ਅਤੇ ਆਰਥਿਕ ਸਬੰਧ ਲੰਬੇ ਸਮੇਂ ਤੋਂ ਚੱਲ ਰਹੇ ਹਨ ਅਤੇ ਅਜਿਹੀ ਉੱਚ-ਪੱਧਰੀ ਗੱਲਬਾਤ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਉਮੀਦ ਹੈ। ਘ7 ਸੰਮੇਲਨ ਵਿੱਚ ਦੋਵਾਂ ਨੇਤਾਵਾਂ ਦੀ ਮੁਲਾਕਾਤ ਗਲੋਬਲ ਅਤੇ ਖੇਤਰੀ ਮੁੱਦਿਆਂ 'ਤੇ ਚਰਚਾ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕਰੇਗੀ।

G-7 ਦੁਨੀਆ ਦੀਆਂ ਸੱਤ ਵਿਕਸਤ ਅਰਥਵਿਵਸਥਾਵਾਂ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ, ਬ੍ਰਿਟੇਨ ਅਤੇ ਅਮਰੀਕਾ ਦਾ ਇੱਕ ਸੰਗਠਨ ਹੈ। ਇਸ ਵਿੱਚ ਯੂਰਪੀਅਨ ਯੂਨੀਅਨ (EU), IMF, ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਵੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਸਤੰਬਰ 2023 ਵਿੱਚ ਭਾਰਤ-ਕੈਨੇਡਾ ਦੇ ਸਬੰਧ ਉਦੋਂ ਵਿਗੜ ਗਏ ਜਦੋਂ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਥਿਤ ਭਾਰਤੀ ਏਜੰਟਾਂ 'ਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਭਾਰਤ ਨੇ ਉਦੋਂ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਅਤੇ ਪ੍ਰੇਰਿਤ ਦੱਸ ਕੇ ਖਾਰਜ ਕਰ ਦਿੱਤਾ ਸੀ।

ਕੈਨੇਡਾ ਨੇ ਇਸ ਸਬੰਧ ਵਿੱਚ ਜਾਂਚ ਦੀ ਮੰਗ ਕੀਤੀ ਸੀ ਅਤੇ ਹੁਣ ਤੱਕ ਇਸ ਜਾਂਚ ਵਿੱਚ ਕੁਝ ਵੀ ਸਾਹਮਣੇ ਨਹੀਂ ਆਇਆ ਹੈ ਪਰ ਦੋਵਾਂ ਦੇਸ਼ਾਂ ਦੇ ਸਬੰਧ ਜ਼ਰੂਰ ਵਿਗੜ ਗਏ ਹਨ। ਹੁਣ ਕੈਨੇਡਾ ਵਿੱਚ ਸਰਕਾਰ ਬਦਲ ਗਈ ਹੈ। ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਰਤ ਨਾਲ ਸਬੰਧਾਂ ਨੂੰ ਸੁਧਾਰਨ ਦੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ ਹੈ। ਹਾਲਾਂਕਿ, ਹੁਣ ਤੱਕ ਭਾਰਤ-ਕੈਨੇਡਾ ਸਬੰਧਾਂ ਵਿੱਚ ਕੋਈ ਮਹੱਤਵਪੂਰਨ ਸੁਧਾਰ ਨਹੀਂ ਦੇਖਿਆ ਗਿਆ।

## ਕੈਨੇਡਾ 'ਚ ਉੱਘੇ ਸਿੱਖ ਕਾਰੋਬਾਰੀ ਦੇ ਕਤਲ ਮਾਮਲੇ 'ਚ 2 ਨੌਜਵਾਨ ਗ੍ਰਿਫ਼ਤਾਰ





**ਟੋਰਾਂਟੋ:** ਪਿਛਲੇ ਮਹੀਨੇ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਇੱਕ ਇੰਡੋ-ਕੈਨੇਡੀਅਨ ਵਪਾਰੀ ਹਰਜੀਤ ਸਿੰਘ ਢੱਡਾ ਦਾ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਬ੍ਰਿਟਿਸ਼ ਕੋਲੰਬੀਆ ਤੋਂ ਦੋ 21 ਸਾਲਾ ਇੰਡੋ-ਕੈਨੇਡੀਅਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੀਲ ਰੀਜਨਲ ਪੁਲਸ ਨੇ ਦੋ ਵਿਅਕਤੀਆਂ ਦੀ ਗ੍ਰਿਫ਼ਤਾਰੀ ਕੀਤੀ ਹੈ ਜਿਨ੍ਹਾਂ ਦੀ ਪਛਾਣ ਅਮਨ ਅਮਨ ਅਤੇ ਦਿਗਵਿਜੈ ਦਿਗਵਿਜੈ ਵਜੋਂ ਹੋਈ ਹੈ। 14 ਮਈ ਨੂੰ ਦੁਪਹਿਰ ਨੂੰ ਬ੍ਰੈਂਪਟਨ ਦੇ ਰਹਿਣ ਵਾਲੇ 51 ਸਾਲਾ ਕਾਰੋਬਾਰੀ ਹਰਜੀਤ ਢੱਡਾ ਨੂੰ ਇੱਕ ਸ਼ੱਕੀ ਨੇ ਮਿਸੀਸਾਗਾ ਵਿੱਚ ਇੱਕ ਪਾਰਕਿੰਗ ਵਿੱਚ ਕਈ ਵਾਰ ਗੋਲੀ ਮਾਰ ਦਿੱਤੀ ਸੀ। ਉਸਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਪਰ ਉਹ ਜ਼ਖਮੀਆਂ ਦੀ ਤਾਬ ਨਾ ਝੱਲਦਾ ਦਮ ਤੋੜ ਗਿਆ। ਸ਼ੱਕੀ ਇੱਕ ਚੋਰੀ ਹੋਏ 2018 ਬਲੈਕ ਡੌਜ ਚੈਲੇਂਜਰ ਵਿੱਚ ਭੱਜ ਗਏ, ਜੋ ਕਿ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਬਰਾਮਦ ਕਰ ਲਿਆ ਗਿਆ ਸੀ।

ਪੀ.ਆਰ.ਪੀ ਨੇ ਦੱਸਿਆ ਕਿ ਇੱਕ ਡੂੰਘੀ ਜਾਂਚ ਤੋਂ ਬਾਅਦ ਦੋ ਸ਼ੱਕੀਆਂ ਦੀ ਪਛਾਣ ਕੀਤੀ ਗਈ ਅਤੇ ਬ੍ਰਿਟਿਸ਼ ਕੋਲੰਬੀਆ ਦੇ ਡੈਲਟਾ ਸ਼ਹਿਰ ਵਿੱਚ ਉਨ੍ਹਾਂ ਦਾ ਪਤਾ ਲਗਾਇਆ ਗਿਆ। 28 ਮਈ ਨੂੰ ਡੈਲਟਾ ਪੁਲਸ ਵਿਭਾਗ, ਐਬਟਸਫੋਰਡ ਪੁਲਸ, ਸਰੀ ਪੁਲਸ ਅਤੇ ਰਾਇਲ ਕੈਨੇਡੀਅਨ ਮਾਊਂਟੇਡ ਪੁਲਸ ਦੇ ਅਧਿਕਾਰੀਆਂ ਦੀ ਸਹਾਇਤਾ ਨਾਲ ਪੀ.ਆਰ.ਪੀ ਨੇ ਦੋ ਵਿਅਕਤੀਆਂ ਨੂੰ ਲੱਭ ਲਿਆ ਅਤੇ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਸਰੀ, ਬੀਸੀ ਵਿੱਚ ਇੱਕ ਜਸਟਿਸ ਦੇ ਸਾਹਮਣੇ ਪੇਸ਼ ਹੋਏ। ਉਨ੍ਹਾਂ 'ਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਹਨ।


WCC

WESTERN
COMMUNITY
COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE
IN 52 WEEKS

AVIATION
EARN YOUR
PPL & CPL

PHARMACY
TECHNICIAN
HIGH-DEMAND,
HIGH-PAYING FIELD

APPLY NOW: WCC.CA

# Canada ’ਚ ਨਵੇਂ ਇਮੀਗ੍ਰੇਸ਼ਨ ਬਿੱਲ ਨਾਲ ਭਾਰਤੀਆਂ ਦੀਆਂ ਵਧਣਗੀਆਂ ਮੁਸ਼ਕਲਾਂ

ਟੋਰਾਂਟੋ- ਕੈਨੇਡਾ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਸਿਸਟਮ ਨੂੰ ਸਖ਼ਤ ਕਰਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਸ਼ਕਤੀਆਂ ਦਾ ਵਿਸਥਾਰ ਕਰਨ ਦੇ ਉਦੇਸ਼ ਨਾਲ ਇੱਕ ਨਵਾਂ ਬਿੱਲ ‘ਸਟਰਾਂਗ ਬਾਰਡਰਜ਼ ਐਕਟ’ ਸੰਸਦ ‘ਚ ਪੇਸ਼ ਕੀਤਾ ਹੈ। ਇਸ ਦਾ ਮਕਸਦ ਸ਼ਰਨਾਰਥੀ ਦਾਅਵਿਆਂ ‘ਤੇ ਨਿਯੰਤਰਨ ਰੱਖਣਾ, ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਸੁਧਾਰਨਾ ਅਤੇ ਡਰੱਗਜ਼ ਤਸਕਰੀ, ਖਾਸ ਕਰਕੇ ਫੈਂਟਾਨਿਲ ਨੂੰ ਰੋਕਣਾ ਹੈ। ਇਹ ਕਾਨੂੰਨ ਖਾਸ ਤੌਰ ‘ਤੇ ਅਸਥਾਈ ਰਿਹਾਇਸ਼ੀ ਵਿਦਿਆਰਥੀਆਂ ਅਤੇ ਵਿਦੇਸ਼ੀ ਵਿਦਿਆਰਥੀਆਂ ‘ਤੇ ਲਾਗੂ ਹੋਵੇਗਾ ਤਾਂ ਜੋ ਇਮੀਗ੍ਰੇਸ਼ਨ ਸਿਸਟਮ ਦੀ ਬਦਨਾਮੀ ਜਾਂ ਗਲਤ ਵਰਤੋਂ ਨੂੰ ਰੋਕਿਆ ਜਾ ਸਕੇ।

ਇਹ ਪ੍ਰਸਤਾਵ ਉਦੋਂ ਆਇਆ ਹੈ ਜਦੋਂ ਕੈਨੇਡਾ ‘ਤੇ ਇਮੀਗ੍ਰੇਸ਼ਨ ਪੱਧਰ ਨੂੰ ਘਟਾਉਣ ਲਈ ਵਧਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਨਤਕ ਸੇਵਾਵਾਂ ਦਬਾਅ ਹੇਠ ਹਨ ਅਤੇ ਰਾਸ਼ਟਰੀ ਰਿਹਾਇਸ਼ ਦੀ ਘਾਟ ਵਿਗੜ ਰਹੀ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ, ਜਿਨ੍ਹਾਂ ਨੇ ਅਪ੍ਰੈਲ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਅਹੁਦਾ ਸੰਭਾਲਿਆ ਸੀ, ਨੇ “ਅਸਥਿਰ” ਇਮੀਗ੍ਰੇਸ਼ਨ ਅੰਕੜਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਹੈ।



**ਸ਼ਰਨ ਮੰਗਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧੀ:**

2023 ਵਿੱਚ ਕੁੱਲ 1,71,850 ਸ਼ਰਨਾਰਥੀ ਦਾਅਵੇ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚੋਂ 32,000 ਤੋਂ ਵੱਧ ਭਾਰਤੀ ਸਨ। ਸਿਰਫ਼ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ 20,245 ਸ਼ਰਨਾਰਥੀ ਦਾਅਵੇ ਕੀਤੇ ਗਏ। 2024 ਦੇ ਪਹਿਲੇ 9 ਮਹੀਨਿਆਂ ਵਿੱਚ ਹੀ 1,32,525 ਦਾਅਵੇ ਦਰਜ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 13,660 ਦਾਅਵੇ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਕੀਤੇ ਗਏ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਾਅਵੇ ਭਾਰਤ (2,290) ਅਤੇ ਨਾਈਜੀਰੀਆ (1,990) ਦੇ ਵਿਦਿਆਰਥੀਆਂ ਵੱਲੋਂ ਕੀਤੇ ਗਏ। ਗਲੋਬਲ ਨਿਊਜ਼ ਅਨੁਸਾਰ 2025 ਦੀ ਪਹਿਲੀ ਤਿਮਾਹੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ 5,500 ਸ਼ਰਨ ਦਾਅਵੇ ਕੀਤੇ ਗਏ, ਜੋ ਪਿਛਲੇ ਸਾਲ ਨਾਲੋਂ 22% ਵੱਧ ਹਨ। ਭਾਰਤੀ ਹਾਈ ਕਮਿਸ਼ਨ ਮੁਤਾਬਕ 2024 ਵਿੱਚ ਲਗਭਗ 4.27 ਲੱਖ ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਸਨ, ਜੋ ਕਿਸੇ ਵੀ ਹੋਰ ਦੇਸ਼ ਨਾਲੋਂ ਸਭ ਤੋਂ ਵੱਧ ਗਿਣਤੀ ਸੀ।

**ਨਵੇਂ ਨਿਯਮਾਂ ’ਚ ਸਖ਼ਤੀ:**

ਨਵੇਂ ਨਿਯਮ ਮੁਤਾਬਕ ਜੇਕਰ ਕੋਈ ਵਿਅਕਤੀ 24 ਜੂਨ, 2020 ਤੋਂ ਬਾਅਦ ਕੈਨੇਡਾ ਆਇਆ ਹੈ ਅਤੇ ਉਸਨੇ 1 ਸਾਲ ਦੇ ਵੱਧ ਸਮੇਂ ਤੋਂ ਬਾਅਦ ਸ਼ਰਨ ਮੰਗੀ ਤਾਂ ਹੁਣ ਉਸ ਦਾ ਦਾਅਵਾ ਮਨਜ਼ੂਰ ਨਹੀਂ ਕੀਤਾ ਜਾਵੇਗਾ। ਇਹ ਨਿਯਮ ਵਿਦਿਆਰਥੀਆਂ ਅਤੇ ਅਸਥਾਈ ਨਿਵਾਸੀਆਂ ਦੋਹਾਂ ‘ਤੇ ਲਾਗੂ ਹੋਵੇਗਾ, ਭਾਵੇਂ ਉਹ ਦੇਸ਼ ਤੋਂ ਬਾਹਰ ਗਏ ਹੋਣ ਅਤੇ ਮੁੜ ਆਏ ਹੋਣ।

ਜੇਕਰ ਕੋਈ ਵਿਅਕਤੀ ਅਮਰੀਕਾ ਤੋਂ ਜ਼ਮੀਨੀ ਸਰਹੱਦ ਰਾਹੀਂ ਬਿਨਾਂ ਅਧਿਕਾਰਤ ਬਾਰਡਰ ਪੋਰਟ ਤੋਂ ਕੈਨੇਡਾ ਵਿੱਚ ਦਾਖਲ ਹੁੰਦਾ ਹੈ ਅਤੇ 14 ਦਿਨਾਂ ਤੋਂ ਬਾਅਦ ਸ਼ਰਨ ਮੰਗਦਾ ਹੈ ਤਾਂ ਉਸਦਾ ਕੇਸ ਵੀ ਮਨਜ਼ੂਰ ਨਹੀਂ ਕੀਤਾ ਜਾਵੇਗਾ। ਨਵੇਂ ਕਾਨੂੰਨ ਵਿਚ ਇਹ ਸਾਫ ਕੀਤਾ ਗਿਆ ਹੈ ਕਿ ਸ਼ਰਨ ਦਾ ਫੈਸਲਾ ਤਦ ਹੀ ਲਿਆ ਜਾਵੇਗਾ ਜਦੋਂ ਦਾਅਵੇਦਾਰ ਸਰੀਰਕ ਤੌਰ ’ਤੇ ਕੈਨੇਡਾ ਵਿੱਚ ਮੌਜੂਦ ਹੋਵੇ। ਜੇਕਰ ਵਿਅਕਤੀ ਬਾਹਰ ਦੇਸ਼ ਵਿੱਚ ਹੈ ਤਾਂ ਉਸਦੇ ਦਾਅਵੇ ਦੀ ਸੁਣਵਾਈ ਨਹੀਂ ਹੋਵੇਗੀ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੂੰ ਹੁਣ ਇਹ ਅਧਿਕਾਰ ਮਿਲ ਜਾਵੇਗਾ ਕਿ ਉਹ ਵਿਦਿਆਰਥੀਆਂ ਦੀ ਪਛਾਣ, ਸਥਿਤੀ ਅਤੇ ਦਸਤਾਵੇਜ਼ਾਂ ਨਾਲ ਜੁੜੀ ਜਾਣਕਾਰੀ ਕੈਨੇਡਾ ਦੀਆਂ ਸੰਘੀ ਅਤੇ ਖੇਤਰੀ ਏਜੰਸੀਜ਼ ਨਾਲ ਸਾਂਝੀ ਕਰ ਸਕੇ। ਹੁਣ ਕੋਸਟ ਗਾਰਡ ਨੂੰ ਸੁਰੱਖਿਆ ਗਸ਼ਤ ਅਤੇ ਨਿਗਰਾਨੀ ਦੇ ਵਧੇਰੇ ਅਧਿਕਾਰ ਮਿਲਣਗੇ। ਉਹ ਸੁਰੱਖਿਆ ਨਾਲ ਜੁੜੀ ਜਾਣਕਾਰੀ ਵੀ ਇਕੱਠੀ ਕਰ ਸਕੇਗਾ। ਹਾਲਾਂਕਿ ਪੁਰਾਣੀ ਪੋਰਟ ਪੁਲਸ ਪ੍ਰਣਾਲੀ ਨੂੰ ਮੁੜ ਸ਼ੁਰੂ ਨਹੀਂ ਕੀਤਾ ਜਾਵੇਗਾ।

**127 ਪੰਨਿਆਂ ਦਾ ਬਿੱਲ:**

ਅਪਰਾਧਿਕ ਜਾਂਚ ਦੌਰਾਨ ਅਧਿਕਾਰੀਆਂ ਲਈ ਡਾਕ ਖੋਲ੍ਹਣ ਅਤੇ ਜਾਂਚ ਕਰਨ ਦੀਆਂ ਸ਼ਕਤੀਆਂ ਨੂੰ ਵਧਾਉਣ ਦਾ ਪ੍ਰਸਤਾਵ ਵੀ ਦਿੰਦਾ ਹੈ ਅਤੇ ਨਵੀਆਂ ਵਿੱਤੀ ਪਾਬੰਦੀਆਂ ਪੇਸ਼ ਕਰੇਗਾ, ਜਿਵੇਂ ਕਿ 10,000 ਕੈਨੇਡੀਅਨ ਡਾਲਰ ਤੋਂ ਵੱਧ ਦੇ ਨਕਦ ਲੈਣ-ਦੇਣ ‘ਤੇ ਪਾਬੰਦੀ ਲਗਾਉਣਾ ਅਤੇ ਕਿਸੇ ਹੋਰ ਵਿਅਕਤੀ ਦੇ ਖਾਤੇ ਵਿੱਚ ਵੱਡੀ ਨਕਦੀ ਜਮ੍ਹਾਂ ਕਰਵਾਉਣਾ। ਇਮੀਗ੍ਰੇਸ਼ਨ ਮੰਤਰੀ ਲੀਨਾ ਦਿਆਬ ਨੇ ਕਿਹਾ ਕਿ ਇਹ ਬਿੱਲ ਸੰਗਠਿਤ ਅਪਰਾਧ ਦਾ ਮੁਕਾਬਲਾ ਕਰਨ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੇ ਪ੍ਰਵਾਹ ਨੂੰ ਘਟਾਉਣ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਸਤਾਵਿਤ ਬਦਲਾਅ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਦੀ “ਅਖੰਡਤਾ” ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨਗੇ।

ਆਲੋਚਕਾਂ ਦਾ ਕਹਿਣਾ ਹੈ ਕਿ ਪ੍ਰਸਤਾਵਿਤ ਉਪਾਅ ਨਾਗਰਿਕ ਆਜ਼ਾਦੀਆਂ ਨੂੰ ਖ਼ਤਰਾ ਹਨ। ਨਿਊ ਡੈਮੋਕ੍ਰੇਟਿਕ ਪਾਰਟੀ ਦੀ ਇੱਕ ਕਾਨੂੰਨਸਾਜ਼ ਜੈਨੀ ਕਵਾਨ ਨੇ ਚੇਤਾਵਨੀ ਦਿੱਤੀ ਕਿ ਇਹ ਬਿੱਲ “ਬਹੁਤ ਸਾਰੇ ਕੈਨੇਡੀਅਨਾਂ ਲਈ ਚਿੰਤਾਜਨਕ ਹੋਣਾ ਚਾਹੀਦਾ ਹੈ।“ ਐਡਵੋਕੇਸੀ ਗਰੁੱਪ, ਮਾਈਗ੍ਰੈਂਟ ਰਾਈਟਸ ਨੈੱਟਵਰਕ ਨੇ ਵੀ ਇਸ ਕਾਨੂੰਨ ਦੀ ਨਿੰਦਾ ਕੀਤੀ, ਇਸਨੂੰ “ਅਨੈਤਿਕ” ਕਿਹਾ ਅਤੇ ਸਰਕਾਰ ‘ਤੇ “ਵੱਡੇ ਪੱਧਰ ‘ਤੇ ਦੇਸ਼ ਨਿਕਾਲੇ” ਦੀ ਤਿਆਰੀ ਕਰਨ ਦਾ ਦੋਸ਼ ਲਗਾਇਆ।

# ਕੈਨੇਡਾ ’ਚ 87 ਸਾਲਾ ਬੇਬੇ ਨੇ ਕੀਤੀ ਬੀ.ਐੱਡ



**ਐਬਟਸਫੋਰਡ**: ਕੈਨੇਡਾ ਦੇ ਸ਼ਹਿਰ ਸਸਕਾਟੂਨ ਸਥਿਤ ਯੂਨੀਵਰਸਿਟੀ ਆਫ਼ ਸਸਕੈਚਵਨ ਨੇ 87 ਸਾਲਾ ਅੰਗਰੇਜਣ ਵਿਦਿਆਰਥਣ ਲੂਸੀ ਫਰੇਜ਼ਰ ਨੂੰ ਬੈਚਲਰ ਆਫ਼ ਐਜੂਕੇਸ਼ਨ ਦੀ ਡਿਗਰੀ ਪ੍ਰਦਾਨ ਕੀਤੀ ਹੈ।

ਲੂਸੀ ਫਰੇਜ਼ਰ ਵਲੋਂ ਡਿਗਰੀ ਲੈਣ ਮੌਕੇ ਉਸ ਦੇ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਦੇ 24 ਪਰਿਵਾਰਕ ਮੈਂਬਰ ਪਹੁੰਚੇ ਹੋਏ ਸਨ ਙ ਸੰਨ 1938 ‘ਚ ਜਨਮੀ ਲੂਸੀ ਜਦੋਂ 12ਵੀਂ ਜਮਾਤ ਵਿੱਚ ਪੜ੍ਹਦੀ ਸੀ ਤਾਂ ਘਰਦਿਆਂ ਨੇ ਉਸ ਦਾ ਵਿਆਹ ਕਰ ਦਿੱਤਾ ਜਿਸ ਕਰਕੇ ਉਸ ਨੂੰ ਪੜ੍ਹਾਈ ਛੱਡਣੀ ਪਈ। ਸਕੂਲ ਪੜ੍ਹਦੇ ਸਮੇਂ ਉਸ ਦਾ ਸੁਪਨਾ ਨਰਸ ਬਣਨ ਦਾ ਸੀ ਪਰ ਉਹ ਪਰਿਵਾਰਕ ਜ਼ਿੰਮੇਵਾਰੀ ਕਾਰਨ ਪੂਰਾ ਨਾ ਹੋ ਸਕਿਆ। ਫਿਰ 2003 ਵਿਚ ਜਦੋਂ ਲੂਸੀ 65 ਸਾਲ ਦੀ ਹੋਈ ਤਾਂ ਉਸ ਨੇ ਫਿਰ ਪੜ੍ਹਨਾ ਸ਼ੁਰੂ ਕਰ ਦਿੱਤਾ ਙ ਪਹਿਲਾਂ ਉਸ ਨੇ ਬੀ.ਏ. ਤੇ ਫਿਰ ਸੋਸ਼ਲ ਵਰਕ ‘ਚ ਮਾਸਟਰ ਡਿਗਰੀ ਕੀਤੀ, 2018 ‘ਚ ਲੂਸੀ ਦੀ ਪੋਤਰੀ ਕਲਸੀ ਫਰੇਜ਼ਰ ਨੇ ਬੀ.ਐੱਡ. ਪਾਸ ਕੀਤੀ ਜਿਸ ਨੇ ਆਪਣੀ ਦਾਦੀ ਨੂੰ ਬੀ.ਐੱਡ ਕਰਨ ਲਈ ਪ੍ਰੇਰਿਆ। ਇੰਡੀਅਨ ਟੀਚਰ ਐਜੂਕੇਸ਼ਨ ਪ੍ਰੋਗਰਾਮ ਤਹਿਤ ਲੂਸੀ ਫਰੇਜ਼ਰ ਨੂੰ ਦਾਖ਼ਲਾ ਮਿਲ ਗਿਆ ਤੇ ਸਖ਼ਤ ਮਿਹਨਤ ਤੋਂ ਬਾਅਦ ਲੂਸੀ ਫਰੇਜ਼ਰ ਬੀ.ਐੱਡ ਦੀ ਡਿਗਰੀ ਲੈ ਕੇ ਪੂਰੀ ਖੁਸ਼ ਹੈ।

ANSATEL COMMUNICATIONS

Helping Lower Mainland Businesses Since 1983

Panasonic ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਅਕਾਲ ਤਖ਼ਤ ਦੇ ਸਾਹਮਣੇ ਇਮਲੀ ਦਾ ਬੂਟਾ ਲਾਇਆ



**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਅਕਾਲ ਤਖ਼ਤ ਦੇ ਸਾਹਮਣੇ ਮੁੜ ਇਮਲੀ ਦਾ ਨਵਾਂ ਬੂਟਾ ਲਾਇਆ ਹੈ। ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਤੋਂ ਪਹਿਲਾਂ ਇੱਥੇ ਇਮਲੀ ਦਾ ਇਤਿਹਾਸਕ ਦਰੱਖਤ ਹੁੰਦਾ ਸੀ, ਜਿੱਥੇ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਨੂੰ ਬੰਨ੍ਹ ਕੇ ਅਕਾਲ ਤਖ਼ਤ ਤੋਂ ਤਨਖਾਹ ਲਾਈ ਸੀ।

ਫੌਜੀ ਹਮਲੇ ਸਮੇਂ ਅਕਾਲ ਤਖ਼ਤ ਦੀ ਇਮਾਰਤ ਦੇ ਨਾਲ ਹੀ ਇਹ ਦਰੱਖਤ ਵੀ ਨੁਕਸਾਨਿਆ ਗਿਆ ਸੀ। ਇਤਿਹਾਸਕ ਦਰੱਖਤ ਦੀ ਥਾਂ ’ਤੇ ਇੱਥੇ ਇਮਲੀ ਦਾ ਬੂਟਾ ਲਾਇਆ ਸੀ, ਜੋ ਕੁਝ ਸਾਲ ਚੱਲਿਆ ਤੇ ਖਰਾਬ ਹੋ ਗਿਆ ਸੀ। ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ 2005 ਵਿੱਚ ਲਾਇਆ ਬੂਟਾ ਪਲ ਗਿਆ ਸੀ ਪਰ ਅਚਾਨਕ ਹੀ ਉਹ ਖਰਾਬ ਹੋ ਗਿਆ ਤੇ ਸੜ ਗਿਆ। ਹੁਣ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਮਦਦ ਨਾਲ ਇੱਥੋਂ ਦੇ ਵਾਤਾਵਰਨ ਦੇ ਅਨੁਕੂਲ ਰਹਿਣ ਵਾਲਾ ਨਵਾਂ ਬੂਟਾ ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਖੇਤੀ ਯੂਨੀਵਰਸਿਟੀ ਤੇ ਮਾਹਿਰ ਵਿਗਿਆਨੀਆਂ ਵੱਲੋਂ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਲੱਗੀਆਂ ਪੁਰਾਤਨ ਬੇਰੀਆਂ ਦੀ ਵੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ।

# ਬਲਿਊ ਸਟਾਰ

ਇੱਕ ਨੀਲਾ ਤਾਰਾ ਸੀ
ਜੋ ਅੰਬਰੀਂ ਚੜਿਆ ਸੀ
ਉਹ ਟਿਮ ਟਿਮਾਇਆ ਨਹੀਂ
ਬਣ ਬਿਜਲੀ ਵਰਿਆ ਸੀ

ਇਹ ਐਸਾ ਤਾਰਾ ਸੀ
ਸਾਡੀ ਹਿੱਕ ਤੇ ਚੜਿਆ ਸੀ
ਲੈ ,ਟੈਂਕਾਂ ਤੋਪਾਂ ਨੂੰ
ਦਰਬਾਰ ਚ ਵੜਿਆ ਸੀ

ਝਲਕਾਰੇ ਤਾਰੇ ਦੇ
ਸਾਨੂੰ ਅੱਜ ਵੀ ਦਿਸਦੇ ਨੇ
ਇਹਨੇ ਐਸੇ ਜ਼ਖਮ ਦਿੱਤੇ
ਜੋ ਅੱਜ ਵੀ ਰਿਸਦੇ ਨੇ

ਲਹੂ ਰੱਜਕੇ ਪੀਤਾ ਸੀ
ਇਹਨੇ ਜਿਗਰ ਦੇ ਟੋਟਿਆਂ ਦਾ
ਬੜਾ ਮਾਸ ਨੋਚਿਆ ਸੀ
ਇਹਨੇ ਪੁੱਤ ਬੇਦੋਸ਼ਿਆਂ ਦਾ
ਖਹਿ ਨਾਲ ਸੂਰਜਾਂ ਦੇ
ਇਹ ਖਤਮ ਹੋ ਗਿਆ ਸੀ
ਫਿਰ ਵਿੱਚ ਨਵੰਬਰ ਦੇ
ਇਹ ਭਸਮ ਹੋ ਗਿਆ ਸੀ

ਇਹ ਤਾਰੇ ਅੰਬਰਾਂ ਦੇ
ਸਦਾ ਟੁੱਟਦੇ ਰਹਿਣੇ ਆ
ਪਰ ਸੂਰਜ ਅਣਖਾਂ ਦੇ
ਸਦਾ ਬੁੱਕਦੇ ਰਹਿਣੇ ਆ

ਸਦਾ ਜ਼ੋਰ, ਬੜੇ ਲਾਏ
ਇਹਨਾਂ ਬਲਿਊ ਸਟਾਰਾਂ ਨੇ
ਪਿੱਠ ਲੱਗਣ ਨਾ ਦਿੱਤੀ
ਅਣਖੀ ਸਰਦਾਰਾਂ ਨੇ

ਇਹਦੀ ਖਸਲਤ ਪਾਣੀ ਹੈ
ਇਹ ਬੂਟਾ ਨਹੀਂ ਸੁੱਕਣਾ
ਇਹ ਪੁੱਤ ਤੁਫ਼ਾਨਾਂ ਦਾ
ਇਹਨੇ ਕਦੇ ਨਹੀ ਰੁਕਣਾ

ਇਹ ਸੂਰਜ ਅਣਖਾਂ ਦਾ
ਇਹ ਕਦੇ ਨਹੀ ਛੁਪਣਾ
ਕਦੇ ਡਾਣਸੀਵਾਲੀਆ ਓਏ
ਪੰਜਾਬ ਨਹੀ ਮੁੱਕਣਾ

**ਕੁਲਵੀਰ ਸਿੰਘ ਡਾਨਸੀਵਾਲ**
778 863 2472

# ਸੁਰਜੀਤ ਸਖੀ ਦੀ ਕਿਤਾਬ ‘ਗੱਲ ਤਾਂ ਚਲਦੀ ਰਹੇ..’ ਸਾਹਿਤਕ ਗੋਸ਼ਟੀ 8 ਨੂੰ

**ਹੇਵਰਡ** (ਹਰਦਮ ਮਾਨ)- ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ 8 ਜੂਨ ਨੂੰ ਦੁਪਹਿਰ 12 ਵਜੇ ‘ਸੈਫਾਇਰ ਬੈਂਕੁਇਟ ਹਾਲ’ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਉੱਘੀ ਪੰਜਾਬੀ ਸ਼ਾਇਰਾ ਸੁਰਜੀਤ ਸਖੀ ਦੀ ਪਹਿਲੀ ਵਾਰਤਕ ਕਿਤਾਬ ‘ਗੱਲ ਤਾਂ ਚਲਦੀ ਰਹੇ..’ ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ।

ਵਿਪਸਾਅ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਹੈ ਕਿ ਸੁਰਜੀਤ ਸਖੀ ਪੰਜਾਬੀ ਗ਼ਜ਼ਲ ਅਤੇ ਸ਼ਾਇਰੀ ਵਿੱਚ ਪ੍ਰਮੁੱਖ ਨਾਮ ਹੈ।

ਇਸ ਕਿਤਾਬ ਵਿੱਚ ਸਰਵ ਸ੍ਰੀ ਸੁਰਜੀਤ ਪਾਤਰ, ਗੁਰਭਜਨ ਗਿੱਲ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਸੁਰਿੰਦਰ ਸੋਹਲ, ਜਸਵਿੰਦਰ, ਕੁਲਵਿੰਦਰ, ਗੁਰਤੇਜ ਕੋਹਾਰਵਾਲਾ ਅਤੇ ਚਰਨਜੀਤ ਸਿੰਘ ਪੰਨੂ ਬਾਰੇ ਲੇਖ ਸ਼ਾਮਲ ਹਨ। ਬੈਠਕ ਦੇ ਅੰਤ ਵਿੱਚ ਕਵੀ ਦਰਬਾਰ ਹੋਵੇਗਾ ਜਿਸ ਵਿੱਚ ਹਾਜਰ ਸ਼ਾਇਰ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।




CONNECT
INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan | Home | Travel
Mortgage | Tenant

Call Now: 604.553.6616

165-23233 Gilley Road Richmond, BC V6V 1E6

# ਆਸਟ੍ਰੇਲੀਆਈ ਪੁਲਿਸ ਵੱਲੋਂ ਭਾਰਤੀ ਨੂੰ ਗੋਡਿਆਂ ਥੱਲੇ ਡੱਬਣ ਕਾਰਨ ਹਾਲਤ ਨਾਜ਼ੁਕ ਹੋਈ

**ਕੈਨਬਰਾ:** ਆਸਟ੍ਰੇਲਿਆ ’ਚ ਭਾਰਤਵੰਸ਼ੀ ਨਾਲ ਪੁਲਿਸ ਦੇ ਤਸ਼ੱਦਦ ਦਾ ਮਾਮਲਾ ਸਾਹਮਣੇ ਆਇਆ ਹੈ। ਐਡਿਲੇ ‘ਚ ਪੁਲਿਸ ਨੇ 42 ਸਾਲ ਦੇ ਭਾਰਤੀ ਗੌਰਵ ਕੁੰਡੀ ਦੀ ਬੇਰਹਮੀ ਨਾਲ ਕੁੱਟਮਾਰ ਕੀਤੀ। ਉਨ੍ਹਾਂ ਨੂੰ ਜ਼ਮੀਨ ‘ਤੇ ਲਿਟਾ ਦਿੱਤਾ ਤੇ ਗੋਡਿਆਂ ਨਾਲ ਗਰਦਨ ਦਬਾ ਦਿੱਤੀ। ਗੌਰਵ ਕੋਮਾ ‘ਚ ਹਨ ਅਤੇ ਜ਼ਿੰਦਗੀ ਅਤੇ ਮੌਤ ਵਿਚਾਲੇ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਨੂੰ ਵੈਂਟੀਲੇਟਰ ਪ੍ਰਣਾਲੀ ‘ਤੇ ਰੱਖਿਆ ਗਿਆ ਹੈ। ਇਹ ਘਟਨਾ ਅਮਰੀਕਾ ਦੇ ਮਿਨੀਏਪੋਲਿਸ ‘ਚ ਜਾਰਜ ਫਲਾਇਡ ਦੀ ਹੱਤਿਆ ਦੀ ਯਾਦ ਦਿਲਾਉਂਦੀ ਹੈ, ਜਿਸ ਨਾਲ ਕਾਫੀ ਗੁੱਸਾ ਫੈਲਿਆ ਸੀ।



ਦਰਅਸਲ ਗੌਰਵ ਦੀ ਆਪਣੀ ਪਤਨੀ ਨਾਲ ਬਹਿਸ ਹੋਈ ਸੀ। ਉਸ ਇਲਾਕੇ ‘ਚੋਂ ਲੰਘ ਰਹੀ ਪੁਲਿਸ ਦੀ ਟੀਮ ਨੇ ਇਹ ਸੁਣ ਲਿਆ ਪੁਲਿਸ ਨੇ ਇਸ ਨੂੰ ਘਰੇਲੂ ਹਿੰਸਾ ਦਾ ਮਾਮਲਾ ਸਮਝਿਆ। ਗੌਰਵ ਦੀ ਪਤਨੀ ਅਮ੍ਰਿਤਪਾਲ ਕੌਰ ਨੇ ਕਿਹਾ, ਮੈਂ ਬਾਹਰ ਆਪਣੇ ਪਤੀ ਦੇ ਪਿੱਛੇ ਗਈ ਸੀ। ਮੈਂ ਕਿਹਾ, ਤੁਸੀਂ ਇੱਥੇ ਕੀ ਕਰ ਰਹੇ ਹੋ? ਚਲੋ ਘਰ ਵਾਪਸ ਚੱਲਦੇ ਹਾਂ। ਤੁਸੀਂ ਨਸ਼ੇ ’ਚ ਹੋ। ਉਸ ਨੇ ਮੈਨੂੰ ਮਾੜਾ ਜਿਹਾ ਧੱਕਾ ਮਾਰ ਦਿੱਤਾ।

ਪੁਲਿਸ ਮੁਲਾਜ਼ਮ ਨੂੰ ਲੱਗਾ ਕਿ ਉਹ ਮੇਰੇ ਨਾਲ ਕੁੱਟਮਾਰ ਕਰ ਰਹੇ ਹਨ ਪਰ ਅਜਿਹਾ ਨਹੀਂ ਸੀ।

ਉਹ ਨਸ਼ੇ ’ਚ ਸਨ ਇਸ ਲਈ ਰੌਲਾ ਪਾ ਰਹੇ ਸਨ। ਕੌਰ ਨੇ ਦੋਸ਼ ਲਾਇਆ ਕਿ ਉਸ ਦੇ ਪਤੀ ਦਾ ਸਿਰ ਪੁਲਿਸ ਦੀ ਗੱਡੀ ਨਾਲ ਟਕਰਾਇਆ ਸੀ। ਜਦ ਗੌਰਵ ਜ਼ਮੀਨ ’ਤੇ ਡਿੱਗੇ, ਉਦੋਂ ਉਨ੍ਹਾਂ ਦੀ ਗਰਦਨ ‘ਤੇ ਗੋਡਾ ਮਾਰਿਆ ਗਿਆ।

ਗੌਰਵ ਦੀ ਪਤਨੀ ਦੁਆਰਾ ਬਣਾਏ ਗਏ ਵੀਡੀਓ ‘ਚ ਗੌਰਵ ਨੂੰ ਕਹਿੰਦਿਆ ਸੁਣਿਆ ਜਾ ਸਕਦਾ ਹੈ ਕਿ ਮੈਂ ਕੁਝ ਗਲਤ ਨਹੀਂ ਕੀਤਾ। ਜਦੋਂ ਕੁੱਟਮਾਰ ਨਾਲ ਪਤੀ ਦੀ ਹਾਲਤ ਵਿਗੜਨ ਲੱਗ ਪਈ, ਤਾਂ ਕੌਰ ਨੇ ਪੁਲਿਸ ਕੋਲ ਵੀ ਅਰਜ਼ੀ ਦਿੱਤੀ ਕਿ ਗੌਰਵ ਨੂੰ ਪੁਲਿਸ ਸਟੇਸ਼ਨ ਨਾ ਲੈ ਕੇ ਜਾਣ, ਸਗੋਂ ਹਸਪਤਾਲ ਭਰਤੀ ਕਰਵਾਇਆ ਜਾਵੇ।

ਬਚਣ ਦੀ ਸੰਭਾਵਨਾ ਬਹੁਤ ਘੱਟ ਹੈ। ਗੌਰਵ ਦੋ ਬੱਚਿਆਂ ਦਾ ਪਿਤਾ ਹੈ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਜਦੋਂ ਪੁਲਿਸ ਨੇ ਗੌਰਵ ਨੂੰ ਪਤਨੀ ਦੇ ਨਾਲ ਝਗੜਦੇ ਦੇਖਿਆ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਯਤਨ ਕੀਤਾ ਪਰ ਗੌਰਵ ਨੇ ਗ੍ਰਿਫਤਾਰੀ ਦਾ ਹਿੰਸਕ ਤਰੀਕੇ ਨਾਲ ਵਿਰੋਧ ਕੀਤਾ ਸੀ।

# ਸਰੀ ਵਿਚ ‘ਏਰਿਨ ਬਿਊਟੀ ਸਟੂਡੀਓ’ ਦਾ ਉਦਘਾਟਨ

ਸਰੀ (ਹਰਦਮ ਮਾਨ)-ਬੀਤੇ ਦਿਨ ਸਰੀ ਵਿਖੇ ‘ਮੇਡ ਇਨ ਇੰਡੀਆ’ ਬਿਲਡਿੰਗ (8312-128 ਸਟਰੀਟ) ਵਿਚ ‘ਏਰਿਨ ਬਿਊਟੀ ਸਟੂਡੀਓ’ ਦਾ ਉਦਘਾਟਨ ਹੋਇਆ। ਉਦਘਾਟਨ ਮੌਕੇ ਸਟੂਡੀਓ ਦੀ ਮਾਲਕ ਸੁਚਿਤਾ ਕੰਡਾ, ਰਾਜੇਸ਼ ਕੁਮਾਰ ਕੰਡਾ, ਹਰਦੇਵ ਸਿੰਘ, ਸਨੈਨਾ ਕੰਡਾ, ਗੁਰਪ੍ਰੀਤ ਸਿੰਘ, ਬਬੀਤਾ ਕੰਡਾ, ਸਾਧਿਕਾ ਕੰਡਾ, ਅਭਿਸ਼ੇਕ ਕੰਡਾ, ਬਹੁਤ ਸਾਰੇ ਪਰਿਵਾਰਕ ਦੋਸਤ ਅਤੇ ਰਿਸ਼ਤੇਦਾਰ ਮੌਜੂਦ ਸਨ।




ਸੁਚਿਤਾ ਕੰਡਾ ਨੇ ਦੱਸਿਆ ਹੈ ਕਿ ਇਸ ਬਿਊਟੀ ਸਟੂਡੀਓ ਵਿਚ ਫੇਸੀਅਲ, ਹੇਅਰ ਟਰੀਟਮੈਂਟ, ਵੈਕਸਿੰਗ, ਨੇਲਜ਼, ਮੇਕਅੱਪ, ਥਰੈਡਿੰਗ ਆਦਿ ਸੇਵਾਵਾਂ ਉਪਲਬਧ ਹੋਣਗੀਆਂ। ਗਰੈਂਡ ਓਪਨਿੰਗ ਹੋਣ ਕਰ ਕੇ ਜੂਨ ਮਹੀਨੇ ਵਿਚ ਸਾਰੀਆਂ ਸੇਵਾਵਾਂ ਉਪਰ 20 ਪ੍ਰਤੀਸ਼ਤ ਡਿਸਕਾਊਂਟ ਦਿੱਤਾ ਜਾਵੇਗਾ।

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent
IMMIGRATION
SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur
(RCIC)

For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-507-8009
Fax: 1-855-796-3342
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO CIRCULATION WING
SW MEDIA GROUP
#3 7953 120 St. Delta
BC., V4C 6P6
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 778-957-3646**

**Graphic Designer**
**Ashu Kashyap**

# ਇਨਸਾਨੀਅਤ ਦੀ ਅਸਲ ਮਿਸਾਲ ਸਨ ਭਗਤ ਪੂਰਨ ਸਿੰਘ



ਭਗਤ ਪੂਰਨ ਸਿੰਘ ਜੀ ਦਾ ਸਮੁੱਚਾ ਜੀਵਨ ਨਿਆਸਰਿਆਂ ਇਨਸਾਨੀਅਤ ਦੀ ਅਸਲ ਮਿਸਾਲ ਸਨਮ ਅਪਾਹਜਾਂ, ਰੋਗੀਆਂ,ਗਰੀਬਾਂ ਅਤੇ ਦੀਨ-ਦੁਖੀਆਂ ਨੂੰ ਸਮਰਪਿਤ ਸੀ। ਭਗਤ ਪੂਰਨ ਸਿੰਘ ਨਿਸ਼ਕਾਮ ਸਮਾਜ ਸੇਵੀ, ਵਾਤਾਵਰਨ ਪ੍ਰੇਮੀ ਹੋਣ ਤੋਂ ਇਲਾਵਾ ਉੱਘੇ ਲੇਖਕ ਵੀ ਸਨ।

ਪੰਜਾਬੀ, ਹਿੰਦੀ, ਅੰਗਰੇਜ਼ੀ 'ਚ ਅਣਗਿਣਤ ਟਰੈਕਟ, ਪੁਸਤਕਾਂ, ਇਸ਼ਤਿਹਾਰ ਛਾਪ ਕੇ ਉਹ ਸਮਾਜ 'ਚ ਮੁਫ਼ਤ ਵੰਡਦੇ ਸਨ। ਇਨ੍ਹਾਂ ਦੇ ਵਿਸ਼ੇ ਵਧਦੀ ਆਬਾਦੀ, ਨਸ਼ਿਆਂ ਦੀ ਲਾਹਨਤ, ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਵਾਤਾਵਰਨ ਪ੍ਰਦੂਸ਼ਣ, ਸਿਗਰਟਨੋਸ਼ੀ, ਸਮਾਜ 'ਚ ਪਸਰੀਆਂ ਅਨੇਕਾਂ ਹੋਰ ਵਿਸੰਗਤੀਆਂ ਤੋਂ ਪਾਠਕ ਵਰਗ ਨੂੰ ਸੁਚੇਤ ਕਰਨਾ ਅਤੇ ਲੋਕਾਂ ਨੂੰ ਗੁਰਮਤਿ ਦੇ ਮਾਰਗ ਤੋਂ ਕਰਵਾਉਣਾ ਹੁੰਦਾ ਸੀ। ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ 4 ਜੂਨ, 1904 ਨੂੰ ਪਿੰਡ ਰਾਜੇਵਾਲ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ।

ਉਨ੍ਹਾਂ ਦੇ ਪਿਤਾ ਦਾ ਨਾਂ ਸ਼ਿੱਬੂ ਮੱਲ ਅਤੇ ਮਾਤਾ ਦਾ ਨਾਂ ਮਹਿਤਾਬ ਕੌਰ ਸੀ। ਸ਼ੁਰੂ 'ਚ ਘਰਦਿਆਂ ਨੇ ਉਨ੍ਹਾਂ ਦਾ ਨਾਂ ਰਾਮ ਜੀ ਦਾਸ ਰੱਖਿਆ, ਪਰ ਜਗਤ 'ਚ ਉਹ ਭਗਤ ਪੂਰਨ ਵਜੋਂ ਪ੍ਰਸਿੱਧ ਹੋਏ। ਭਗਤ ਜੀ ਦੀ ਮਾਤਾ ਨੇ ਉਨ੍ਹਾਂ ਨੂੰ ਗੁਰੂਆਂ, ਪੀਰਾਂ ਅਤੇ ਅਵਤਾਰਾਂ ਦੀਆਂ ਪ੍ਰੇਰਨਾਮਈ ਕਹਾਣੀਆਂ ਸੁਣਾ-ਸੁਣਾ ਕੇ ਸਮਾਜ ਸੇਵਾ ਦੀ ਅਜਿਹੀ ਚੇਟਕ ਲਾਈ ਕਿ ਭਗਤ ਜੀ ਨੇ ਮੁੜ ਪਿੱਛੇ ਮੁੜ ਕੇ ਨਹੀਂ ਵੇਖਿਆ। ਭਗਤ ਪੂਰਨ ਸਿੰਘ ਨੇ ਇਕ ਰਾਤ ਗੁਰਦੁਆਰਾ ਰੋੜੂ ਸਾਹਿਬ ਦੇ ਗੁਰਦੁਆਰੇ ਵਿਚ ਕੱਟੀ। ਇਸ ਰਾਤ ਨੇ ਭਗਤ ਪੂਰਨ ਸਿੰਘ ਦੀ ਕਾਇਆ ਕਲਪ ਕਰ ਦਿੱਤੀ। ਗੱਲ ਸੋਨੇ ਤੇ ਸੁਹਾਗੇ ਵਾਲੀ ਬਣੀ।

ਉਨ੍ਹਾਂ ਇਸ ਰਾਤ ਗੁਰਦੁਆਰੇ 'ਚੋਂ ਲੰਗਰ-ਪ੍ਰਸ਼ਾਦਾ ਛਕਿਆ ਅਤੇ ਸਵੇਰੇ ਮਨੋਹਰ ਕੀਰਤਨ ਸੁਣਿਆ। ਭਗਤ ਜੀ ਗੁਰਦੁਆਰਾ ਸਾਹਿਬ ਦੀ ਵਿਵਸਥਾ ਅਤੇ ਗੁਰਬਾਣੀ ਤੋਂ ਬਹੁਤ ਪ੍ਰਭਾਵਿਤ ਹੋਏ।

**ਇਕ ਮਹਾਨ ਸੇਵਾਦਾਰ:**

ਦਸਵੀਂ ਦਾ ਇਮਤਿਹਾਨ ਦੇਣ ਪਿੱਛੋਂ ਭਗਤ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਰਹਿਣ ਲੱਗ ਪਏ। ਇੱਥੇ ਰਹਿ ਕੇ ਗੁਰੂ ਘਰ ਦੀ ਅਥਾਹ ਸੇਵਾ ਕਰਨ ਲੱਗੇ। ਇੱਥੇ ਰਹਿਣ ਸਮੇਂ ਸ਼ਹਿਰ ਦੀਆਂ ਸਿਰਕੱਢ ਲਾਇਬ੍ਰੇਰੀਆਂ 'ਚ ਜਾ ਕੇ ਉਹ ਮਾਸਿਕ ਪੱਤਰ, ਅਖ਼ਬਾਰਾਂ ਅਤੇ ਪੁਸਤਕਾਂ ਪੜ੍ਹਦੇ ਰਹਿੰਦੇ, ਜਿਸ ਨਾਲ ਉਨ੍ਹਾਂ ਦੀ ਜਾਣਕਾਰੀ 'ਚ ਅਥਾਹ ਵਾਧਾ ਹੋਇਆ।

ਸਾਲ 1927 ਵਿਚ ਮਹਾਤਮਾ ਗਾਂਧੀ ਜੀ ਵੱਲੋਂ ਕੱਢੇ ਜਾਂਦੇ 'ਯੰਗ ਇੰਡੀਆ' ਰਾਹੀਂ ਭਗਤ ਪੂਰਨ ਸਿੰਘ ਨੂੰ ਘਰੇਲੂ ਦਸਤਕਾਰੀ ਅਤੇ ਦੇਸ਼ ਦੀ ਆਰਥਿਕਤਾ ਦੀ ਹੋ ਰਹੀ ਤਬਾਹੀ ਦਾ ਗਿਆਨ ਹਾਸਿਲ ਹੋਇਆ। ਉਹ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਖੱਡੀ ਦਾ ਤਿਆਰ ਖੱਦਰ ਪਹਿਨਣਾ ਸ਼ੁਰੂ ਕਰ ਦਿੱਤਾ। ਸਾਲ 1934 'ਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਡੇਹਰਾ ਸਾਹਿਬ ਵਿਖੇ ਕੋਈ ਚਾਰ-ਕੁ-ਸਾਲ ਦਾ ਅਪਾਹਜ ਬੱਚਾ ਛੱਡ ਗਿਆ।

ਭਗਤ ਜੀ ਨੇ ਇਸ ਲਾਵਾਰਿਸ ਬੱਚੇ ਨੂੰ ਆਪਣੀ ਸੰਭਾਲ 'ਚ ਲੈ ਕੇ ਬੜੇ ਪਿਆਰ ਨਾਲ ਉਸ ਦੀ ਪਾਲਣਾ-ਪੋਸ਼ਣਾ ਕੀਤੀ ਅਤੇ ਉਸ ਦਾ ਨਾਂ ਪਿਆਰਾ ਸਿੰਘ ਰੱਖਿਆ। ਭਗਤ ਪੂਰਨ ਸਿੰਘ ਉਸ ਲੂਲੇ ਬੱਚੇ ਨੂੰ ਪਿੱਠ ਤੇ ਚੁੱਕੀ ਫਿਰਦੇ ਰਹੇ ਅਤੇ ਇਸੇ ਤਰ੍ਹਾਂ 18 ਅਗਸਤ 1947 ਨੂੰ ਪਿਆਰਾ ਸਿੰਘ ਨੂੰ ਨਾਲ ਲੈ ਕੇ ਉਹ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ 'ਚ ਪੁੱਜ ਗਏ।

ਸ਼ਰਨਾਰਥੀ ਕੈਂਪ ਖਤਮ ਹੋਣ 'ਤੇ ਭਗਤ ਪੂਰਨ ਸਿੰਘ ਨੇ ਕੁਝ ਸਮਾਂ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਗੁਜ਼ਾਰਿਆ। ਬਾਅਦ ਵਿਚ ਉਹ ਗੁਰੂ ਤੇਗ ਬਹਾਦਰ ਹਸਪਤਾਲ ਵਾਲੀ ਥਾਂ ਦੇ ਬਾਹਰਵਾਰ ਇਕ ਬੋਹੜ ਥੱਲੇ ਝੁੱਗੀਆਂ ਪਾ ਕੇ ਰਾਤ-ਦਿਨ ਕੱਟਦੇ ਰਹੇ। ਇਸ ਸਮੇਂ ਤੱਕ ਉਨ੍ਹਾਂ ਦੀ ਨਿਗਰਾਨੀ ਹੇਠ 25-30 ਮਰੀਜ਼ ਇਕੱਠੇ ਹੋ ਚੁੱਕੇ ਸਨ, ਜਿਨਾਂ ਦੀ ਉਹ ਸੇਵਾ-ਸੰਭਾਲ ਕਰਦੇ। ਪਿੰਗਲਵਾੜਾ ਦੇ ਸੰਸਥਾਪਕ ਤੇ ਸਮਾਜ ਸੇਵੀ ਭਗਤ ਪੂਰਨ ਸਿੰਘ ਜੀ ਨੇ 6 ਮਾਰਚ, 1957 ਨੂੰ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਰਜਿਸਟਰਡ ਕਰਵਾਈ। ਭਗਤ ਪੂਰਨ ਸਿੰਘ ਜੀ ਨੇ 1958 ਵਿਚ ਤਹਸੀਲਪੁਰਾ ਜੀ.ਟੀ. ਰੋਡ ਅੰਮ੍ਰਿਤਸਰ (ਨੇੜੇ ਬੱਸ ਸਟੈਂਡ) ਵਿਖੇ ਪਿੰਗਲਵਾੜਾ ਸ਼ੁਰੂ ਕੀਤਾ, ਜੋ ਕਿ ਹੁਣ ਇਕ ਵਿਸ਼ਾਲ ਸੰਸਥਾ ਦਾ ਰੂਪ ਧਾਰਨ ਕਰ ਚੁੱਕਿਆ ਹੈ ਅਤੇ ਉਸ ਦੀਆਂ ਪੰਜਾਬ ਵਿਚ ਕਈ ਬਰਾਂਚਾਂ ਬਣੀਆਂ ਹੋਈਆਂ ਹਨ।

ਭਗਤ ਜੀ ਨੇ ਇਸ ਸੰਸਥਾ ਵਿਚ ਨਿਤਾਣੇ, ਨਿਆਸਰੇ ਰੋਗੀਆਂ ਨੂੰ ਦਾਖਲ ਕੀਤਾ। ਭਗਤ ਜੀ ਨੂੰ ਸਿੱਖ ਪੰਥ ਦੇ ਗੁਰਦੁਆਰਿਆਂ ਦੀਆਂ ਰੱਬੀ ਬਰਕਤਾਂ ਤੇ ਅਥਾਹ ਵਿਸ਼ਵਾਸ ਸੀ।

ਭਗਤ ਜੀ ਹਰ ਵੇਲੇ ਅਕਾਲ ਪੁਰਖ ਦੀ ਸ਼ੁਕਰਾਨੇ ਵਿਚ ਰਹਿੰਦੇ ਸਨ ਅਤੇ ਸਮਝਦੇ ਸਨ ਕਿ ਗੁਰੂ ਮਹਾਰਾਜ ਦੀ ਅਥਾਹ ਕਿਰਪਾ ਬਗੈਰ ਉਹ ਪਿੰਗਲਵਾੜੇ ਜਿਹੀ ਮਹਾਨ ਸੰਸਥਾ ਦੀ ਸ਼ੁਰੂਆਤ ਕਰ ਕੇ ਇਸ ਨੂੰ ਚਲਾਉਣ ਤੋਂ ਅਸਮਰਥ ਰਹਿੰਦੇ। ਉਨ੍ਹਾਂ ਦਾ ਜੀਵਨ ਆਦਰਸ਼ ਭਗਤ ਕਬੀਰ ਜੀ ਦਾ ਇਹ ਸਲੋਕ ਸੀ:

ਕਬੀਰ ਜਿਹ ਦਰਿ ਆਵਤ
ਜਾਤਿਅਹੁ ਹਟਕੈ ਨਾਹੀ ਕੋਇ ॥ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥ (ਅੰਗ 1367 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭਗਤ ਜੀ ਦੀ ਸਮਾਜ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 1981 ਵਿਚ 'ਪਦਮ ਸ੍ਰੀ' ਦੇ ਸਨਮਾਨ ਨਾਲ ਨਿਵਾਜਿਆ। ਸਾਲ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਦੇ ਵਿਰੋਧ ਵਿਚ ਉਨ੍ਹਾਂ ਨੇ ਰੋਸ ਪ੍ਰਗਟ ਕਰਦੇ ਹੋਏ ਪਦਮ ਸ੍ਰੀ ਐਵਾਰਡ ਵਾਪਸ ਕਰ ਦਿੱਤਾ ਸੀ। ਭਗਤ ਪੂਰਨ ਸਿੰਘ 5 ਅਗਸਤ, 1992 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਭਗਤ ਜੀ ਦੀ ਅੰਤਿਮ ਅਰਦਾਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕਮੇਟੀ ਵੱਲੋਂ ਪਿੰਗਲ ਵਾੜੇ ਨੂੰ 25000 ਰੁਪਏ ਮਾਸਿਕ ਸਹਾਇਤਾ ਦਿੱਤੀ ਜਾਇਆ ਕਰੇਗੀ। ਸ਼੍ਰੋਮਣੀ ਕਮੇਟੀ ਵੱਲੋਂ ਭਗਤ ਪੂਰਨ ਸਿੰਘ ਜੀ ਦੀ ਯਾਦ ਵਿਚ ਸ਼੍ਰੋਮਣੀ ਸੇਵਾ ਸਨਮਾਨ' ਵੀ ਸ਼ੁਰੂ ਕੀਤਾ ਗਿਆ।

ਪੰਜਾਬ ਹੈਰੀਟੇਜ ਆਰਗੇਨਾਈਜੇਸ਼ਨ ਆਫ਼ ਸ਼ਿਕਾਗੋ ਨੇ ਵੀ 'ਭਗਤ ਪੂਰਨ ਸਿੰਘ ਸੇਵਾ ਪੁਰਸਕਾਰ' ਸ਼ੁਰੂ ਕੀਤਾ ਹੈ। ਭਾਰਤ ਸਰਕਾਰ ਵੱਲੋਂ 10 ਦਸੰਬਰ, 2004 ਨੂੰ ਭਗਤ ਪੂਰਨ ਸਿੰਘ ਦੀ ਯਾਦ ਵਿਚ ਇਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਸੀ। ਮਾਨਵਤਾ ਦੇ ਮਸੀਹਾ ਭਗਤ ਪੂਰਨ ਸਿੰਘ ਜੀ ਭਾਵੇਂ ਸਰੀਰਕ ਤੌਰ 'ਤੇ ਅੱਜ ਸਾਡੇ ਵਿਚ ਮੌਜੂਦ ਨਹੀਂ ਹਨ, ਪਰ ਆਪਣੇ ਦੁਆਰਾ ਕੀਤੇ ਕਾਰਜਾਂ ਸਦਕਾ ਉਹ ਹਮੇਸ਼ਾ ਹੀ ਜੀਵਤ ਰਹਿਣਗੇਙ ਭਗਤ ਪੂਰਨ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਗਿਆ ਪਿੰਗਲਵਾੜਾ ਸਮਾਜ ਵਿਚ ਆਪਣਿਆਂ ਵੱਲੋਂ ਹੀ ਦੁਰਕਾਰੇ ਗਏ ਸੈਂਕੜੇ ਲੋਕਾਂ ਲਈ ਪਨਾਹ ਦੀ ਜਗ੍ਹਾ ਹੈ, ਦੀਨ-ਦੁਖੀ ਅਤੇ ਨਿਆਸਰਿਆਂ ਲਈ ਆਸ ਦੀ ਕਿਰਨ। ਪਿੰਗਲਵਾੜੇ ਦਾ ਮਹੀਨੇਵਾਰ ਖ਼ਰਚਾ ਲੱਖਾਂ ਰੁਪਏ ਹੈ, ਜਿਸ ਨੂੰ ਪਿੰਗਲਵਾੜਾ ਦੇ ਸੇਵਾਦਾਰ ਦਾਨ ਦੁਆਰਾ ਇਕੱਤਰ ਕਰਦੇ ਹਨ।

**ਦਲਜੀਤ ਰਾਏ ਕਾਲੀਆ**

# ਰੇਪ ਦਾ ਕਤਲ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਸੁਣਾਈ



**ਚੰਡੀਗੜ੍ਹ**: ਅੱਠ ਸਾਲ ਦੀ ਬੱਚੀ ਨਾਲ ਜ਼ਬਰ-ਜਨਾਹ ਮਗਰੋਂ ਗਲ ਵੱਢ ਕੇ ਕਤਲ ਕਰਨ ਦੇ ਮਾਮਲੇ 'ਚ ਦੋਸ਼ੀ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਹੈ। ਚੰਡੀਗੜ੍ਹ 'ਚ ਪਹਿਲੀ ਵਾਰ ਅਜਿਹੇ ਮਾਮਲੇ 'ਚ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਹੈ। ਹੱਲੋਮਾਜਰਾ ਵਾਸੀ ਹੀਰਾ ਲਾਲ ਉਰਫ਼ ਗੁੱਡੂ ਨੇ ਬਾਅਦ 'ਚ ਬੱਚੀ ਦੀ ਲਾਸ਼ ਕੂੜੇ 'ਚ ਸੁੱਟ ਦਿੱਤੀ ਸੀ।

ਉਸ ਨੂੰ ਸਪੈਸ਼ਲ ਪੋਕਸੋ ਕੋਰਟ ਦੇ ਵਧੀਕ ਸੈਸ਼ਨ ਜੱਜ ਯਸ਼ਿਕਾ ਦੀ ਅਦਾਲਤ ਨੇ ਫ਼ਾਂਸੀ ਦੀ ਸਜ਼ਾ ਦੇ ਨਾਲ-ਨਾਲ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਰਾਮ ਦਰਬਾਰ ਨੇੜੇ ਡੰਪਿੰਗ ਸਾਈਟ ਤੋਂ ਬੱਚੀ ਦੀ ਲਾਸ਼ ਮਿਲੀ ਸੀ। ਬੱਚੀ ਦਾ ਗਲ ਵੱਢਿਆ ਹੋਇਆ ਸੀ ਤੇ ਚਾਕੂ ਦੇ ਦਾ ਕਈ ਜ਼ਖ਼ਮ ਸਨ। ਪੋਸਟਮਾਰਟਮ 'ਚ ਜ਼ਬਰ-ਜ਼ਨਾਹ ਮਗਰੋਂ ਹੱਤਿਆ ਦੀ ਪੁਸ਼ਟੀ ਹੋਈ ਸੀ। ਪੁਲਸ ਨੇ ਬਿਹਾਰ ਦੇ ਆਰਾ ਜ਼ਿਲ੍ਹੇ ਤੋਂ ਅਯੁੱਧਿਆ ਦੇ ਰਹਿਣ ਵਾਲੇ ਹੀਰਾ ਲਾਲ ਨੂੰ ਗ੍ਰਿਫ਼ਤਾਰ ਕੀਤਾ ਸੀ। 19 ਜਨਵਰੀ, 2024 ਨੂੰ 8 ਸਾਲਾ ਬੱਚੀ ਨੇੜਲੀ ਦੁਕਾਨ ਤੋਂ ਸਾਮਾਨ ਖ਼ਰੀਦਣ ਗਈ ਪਰ ਵਾਪਸ ਨਹੀਂ ਆਈ। ਦੋ ਦਿਨਾਂ ਬਾਅਦ ਉਸ ਦੀ ਲਾਸ਼ ਕੂੜੇ 'ਚੋਂ ਮਿਲੀ ਸੀ ਅਤੇ ਗਰਦਨ 'ਚੋਂ ਖ਼ੂਨ ਨਿਕਲ ਰਿਹਾ ਸੀ।

ਹੱਲੋਮਾਜਰਾ 'ਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕਰਨ 'ਤੇ ਸ਼ੱਕ ਦੀ ਸੂਈ ਗੁਆਂਢੀ ਵੱਲ ਘੁੰਮੀ। ਬੱਚੀ ਦੇ ਲਾਪਤਾ ਹੋਣ ਤੋਂ ਬਾਅਦ ਗੁਆਂਢੀ ਹੀਰਾ ਲਾਲ ਉਰਫ਼ ਗੁੱਡੂ ਕਮਰੇ ਨੂੰ ਤਾਲਾ ਲਾ ਕੇ ਗ਼ਾਇਬ ਹੋ ਗਿਆ ਸੀ। ਜਦੋਂ ਪੁਲਸ ਨੇ ਦਰਵਾਜ਼ਾ ਤੋੜ ਕੇ ਉਸ ਦੇ ਕਮਰੇ ਦੀ ਤਲਾਸ਼ੀ ਲਈ ਤਾਂ ਖ਼ੂਨ ਨਾਲ ਲਥਪਥ ਰਜਾਈ ਤੇ ਇਕ ਚਾਕ ਬਰਾਮਦ ਹੋਇਆ ਸੀ। ਜਾਂਚ ਤੋਂ ਪਤਾ ਲੱਗਾ ਕਿ ਗੁੱਡੂ ਨੇ ਜ਼ਬਰ-ਜਨਾਹ ਤੋਂ ਬਾਅਦ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ । ਉਸ ਨੇ ਕਬੂਲ ਕੀਤਾ ਸੀ ਕਿ ਉਸ ਨੇ ਬੱਚੀ ਨਾਲ ਜ਼ਬਰ-ਜਨਾਹ ਕਰ ਕੇ ਬੱਚੀ ਦਾ ਸਿਰ ਕੰਧ ਨਾਲ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।

# ਬੇਟੀ ਨਾਲ ਜਬਰ-ਜਨਾਹ ਦੇ ਦੋਸ਼ੀ ਪਿਤਾ ਨੂੰ 20 ਸਾਲ ਕੈਦ



**ਦਿੱਲੀ**: ਰਾਸ਼ਟਰੀ ਰਾਜਧਾਨੀ ਦੀ ਅਦਾਲਤ ਨੇ 13 ਸਾਲਾ ਬੇਟੀ ਨਾਲ ਕਈ ਵਾਰ ਜਬਰ-ਜ਼ਨਾਹ ਕਰਨ ਅਤੇ ਗੈਰ-ਕੁਦਰਤੀ ਸੈਕਸ ਸੰਬੰਧ ਬਣਾਉਣ ਦੇ ਜੁਰਮ ਵਿਚ ਪਿਤਾ ਨੂੰ 20 ਸਾਲ ਦੀ ਜੇਲ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਕਿਹਾ ਕਿ ਪੀੜਤਾ ਪੀੜਾ ਵਿਚੋਂ ਲੰਘ ਰਹੀ ਹੈ ਅਤੇ ਅਪਰਾਧ ਦੇ ਕਈ ਸਾਲ ਬਾਅਦ ਵੀ ਉਹ ਇਸ ਡਰ ਵਿਚ ਜੀਅ ਰਹੀ ਹੈ ਕਿ ਜੇਕਰ ਉਸ ਦੇ ਪਿਤਾ ਨੂੰ ਸਜ਼ਾ ਹੋਈ ਤਾਂ ਸਮਾਜ ਉਸ ਨੂੰ ਹੀ ਇਸ ਦਾ ਦੋਸ਼ੀ ਠਹਿਰਾਏਗਾ।

# ਦੇਰ ਰਾਤ ਤਕ ਜਾਗਦੇ ਰਹਿਣ ਵਾਲਿਆਂ ਦੀ ਘਟਦੀ ਹੈ ਉਮਰ



ਇਕ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਰਾਤ ਤੱਕ ਜਾਗਣ ਜਾਂ ਦੇਰ ਨਾਲ ਸੌਣ ਵਾਲਿਆਂ 'ਚ ਉਮਰ ਦੇ ਨਾਲ ਬੌਧਿਕ ਸਮਰੱਥਾ 'ਚ ਕਮੀ ਆ ਸਕਦੀ ਹੈ। ਇਹ ਛੇਤੀ ਸੌਣ ਤੇ ਸਵੇਰੇ ਉੱਠਣ ਵਾਲੇ ਲੋਕਾਂ ਦੇ ਮੁਕਾਬਲੇ ਵੱਖਰੀ ਹੈ। ਅਧਿਐਨ 'ਚ ਖੁਲਾਸਾ ਹੋਇਆ ਕਿ ਦੇਰ ਰਾਤ ਤੱਕ ਜਾਗਣ ਵਾਲਿਆਂ 'ਚ ਬੌਧਿਕ ਸਮਰੱਥਾ ਤੇਜ਼ੀ ਨਾਲ ਘਟਦੀ ਹੈ। ਅਧਿਐਨ 'ਚ ਇਹ ਵੀ ਦੇਖਿਆ ਗਿਆ ਕਿ ਦੇਰ ਰਾਤ ਤੱਕ ਜਾਗਣ ਵਾਲੇ ਲੋਕ ਵੱਧ ਸਿਗਰਟ ਸ਼ਰਾਬ ਪੀਂਦੇ ਹਨ। ਇਸ ਦੇ ਨਾਲ ਹੀ ਉਹ ਘੱਟ ਕਸਰਤ ਕਰਦੇ ਹਨ। ਬੌਧਿਕ ਸਮਰੱਥਾ 'ਚ ਘਟਾਉਣ ਦਾ 25 ਫੀਸਦ ਰਿਸਕ ਸਿਗਰਟ ਪੀਣ ਤੇ ਖਰਾਬ ਨੀਂਦ ਦੇ ਕਾਰਨ ਦੇਖਿਆ ਹੈ। ਵੱਧ ਪੜ੍ਹੇ ਲਿਖੇ ਲੋਕਾਂ 'ਚ ਇਹ ਘਾਟ ਜ਼ਿਆਦਾ ਵੇਖੀ ਗਈ। ਸੌਣ ਤੇ ਜਾਗਣ ਦੇ ਚੱਕਰ 'ਚ ਇਕ ਘੰਟੇ ਦੀ ਦੇਰੀ ਪ੍ਰਤੀ ਦਹਾਕੇ ਬੌਧਿਕ ਸਮਰੱਥਾ 'ਚ 0.8 ਦੀ ਗਿਰਾਵਟ ਦੇ ਬਰਾਬਰ ਸੀ।




# ਆਪ੍ਰੇਸ਼ਨ ਬਲਿਊ ਸਟਾਰ ਕਿਸ ਦੀ ਸੀ ਸਾਜਿਸ਼

ਸਿੱਖਾਂ ਦੇ ਸਰਬੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਕਰੀਬ ਗੁਰੂ ਘਰਾਂ ’ਤੇ ਭਾਰਤੀ ਫ਼ੌਜ ਵੱਲੋਂ ਕੀਤੇ ਗਏ ਅਤਿਅੰਤ ਦੁੱਖਦਾਈ ਬਲਿਊ ਸਟਾਰ ਆਪ੍ਰੇਸ਼ਨ ਨੂੰ ਭਾਵੇਂ 41 ਸਾਲ ਹੋ ਗਏ ਹਨ ਪ੍ਰੰਤੂ ਉਸ ਦੇ ਜ਼ਖ਼ਮ ਅਜੇ ਵੀ ਅੱਲੇ ਹੀ ਹਨ, ਰਿਸਦੇ ਹਨ ਤੇ ਹਮੇਸ਼ਾ ਰਿਸਦੇ ਹੀ ਰਹਿਣਗੇ। ਸਿੱਖਾਂ ਨੂੰ ਕੁਝ ਲੋਕ ਸਲਾਹ ਦਿੰਦੇ ਹਨ ਕਿ ਉਸ ਮੰਦਭਾਗੀ ਹਮਲੇ ਨੂੰ ਭੁੱਲ ਜਾਓ। ਇਹ ਕਹਿਣਾ ਸੌਖਾ ਹੈ, ਭੁੱਲਣਾ ਨਾਮੁਮਕਿਨ ਹੈ। ਜਿਸ ਦਾ ਦਿਲ ਵਲੂੰਧਰਿਆ ਗਿਆ ਹੋਵੇ, ਉਸ ਦਾ ਦੁੱਖ ਉਹ ਹੀ ਮਹਿਸੂਸ ਕਰ ਸਕਦਾ ਹੈ। ਸਰਕਾਰੀ ਕਰੂਰਤਾ ਦੀ ਚੀਸ ਖ਼ਤਮ ਹੋਣ ਵਾਲੀ ਨਹੀਂ ਹੈ। ਕੋਈ ਵੀ ਗੁਰੂ ਦਾ ਸੱਚਾ ਸਿੱਖ ਉਸ ਅਣਮਨੁੱਖੀ ਹਮਲੇ ਦੇ ਸੰਤਾਪ ਨੂੰ ਭੁੱਲਣ ਦੀ ਗੁਸਤਾਖ਼ੀ ਕਰ ਹੀ ਨਹੀਂ ਸਕਦਾ। ਅਣਗਿਣਤ ਬੇਦੋਸ਼ੇ ਸ਼ਰਧਾਲੂਆਂ ਦੇ ਡੁਲ੍ਹੇ ਖ਼ੂਨ ਸਿਆਸਤਦਾਨਾਂ ਦੀਆਂ ਰੂਹਾਂ ਨੂੰ ਤੜਪਾਉਂਦੇ ਰਹਿਣਗੇ। ਸ੍ਰੀ ਹਰਿਮੰਦਰ ਸਾਹਿਬ ’ਤੇ ਹਮਲਾ ਭਾਰਤ ਦੀ ਉਸ ਫ਼ੌਜ ਵੱਲੋਂ ਕੀਤਾ ਗਿਆ, ਜਿਸ ਵਿਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਕੁਰਬਾਨੀਆਂ ਦੇਣ ਵਾਲਿਆਂ ਵਿਚ ਸਿੱਖ ਸ਼ਾਮਲ ਹੀ ਨਹੀਂ, ਸਗੋਂ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ।

ਦੁੱਖ ਇਸ ਗੱਲ ਦਾ ਵੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ’ਤੇ ਹਮਲਾ ਕਰਨ ਵਾਲੇ ਫ਼ੌਜੀਆਂ ਦੀ ਅਗਵਾਈ ਦੋ ਸਿੱਖ ਜਰਨੈਲ ਆਰਐੱਸ ਦਿਆਲ, ਸਲਾਹਕਾਰ ਰਾਜਪਾਲ ਪੰਜਾਬ ਅਤੇ ਲੈਫ. ਜਨਰਲ ਕੁਲਦੀਪ ਸਿੰਘ ਬਰਾੜ ਕਰ ਰਹੇ ਸਨ। ਏਥੇ ਹੀ ਬੱਸ ਨਹੀਂ, ਦੇਸ਼ ਦੀਆਂ ਫ਼ੌਜਾਂ ਦੇ ਮੁਖੀ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਦੋਵੇਂ ਅੰਮ੍ਰਿਤਧਾਰੀ ਸਿੱਖ ਸਨ। ਇੰਦਰਾ ਗਾਂਧੀ ਨੇ ਸੰਸਦ ’ਚ ਹੋਈ ਡਿਬੇਟ ’ਚ ਕਿਹਾ ਸੀ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹੱਲ ਨਾ ਲੱਭਣ ਅਤੇ ਸ੍ਰੀ ਹਰਿਮੰਦਰ ਸਾਹਿਬ ’ਤੇ ਹਮਲੇ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖ਼ੁਦ ਹੈ ਕਿਉਂਕਿ ਹਰ ਮੀਟਿੰਗ ਵਿਚ ਉਹ ਨਵੀਂ ਮੰਗ ਰੱਖ ਦਿੰਦੇ ਸਨ।

ਕੇਂਦਰ ਸਰਕਾਰ ਨੇ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮੁੱਚੇ ਸਿੱਖਾਂ ਨੂੰ ਲੋਕਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਖ਼ਾਸ ਤੌਰ ’ਤੇ ਸਿੱਖਾਂ ਦੇ ਨੇਤਾ ਜਿਹੜੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ, ਉਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਇਨ੍ਹਾਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਲਈ ਇਕਪਾਸੜ ਕਹਾਣੀ ਮੀਡੀਆ ਵਿਚ ਆਉਂਦੀ ਰਹੀ। ਇਹ ਸਾਰਾ ਕੁਝ ਇੰਟਰਨੈੱਟ ’ਤੇ ਪਿਆ ਹੈ ਤੇ ਰਹਿੰਦੀ



ਦੁਨੀਆ ਤੱਕ ਪਿਆ ਰਹੇਗਾ।

ਜਦੋਂ ਵੀ ਕੋਈ ਬਲਿਊ ਸਟਾਰ ਆਪ੍ਰੇਸ਼ਨ ਬਾਰੇ ਜਾਨਣ ਲਈ ਇੰਟਰਨੈੱਟ ਤੋਂ ਪਤਾ ਕਰੇਗਾ ਤਾਂ ਇਹੋ ਨੈਗੇਟਿਵ ਜਵਾਬ ਮਿਲੇਗਾ। ਇਸ ਸਭ ਕੁਝ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਰਾਣੀ ਲੀਡਰਸ਼ਿਪ ਹੈ। ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀਆਂ ਚਾਰ ਵਾਰ ਸਰਕਾਰਾਂ ਰਹੀਆਂ। ਕਿਸੇ ਨੇ ਵੀ ਇਨ੍ਹਾਂ ਗੰਭੀਰ ਇਲਜ਼ਾਮਾਂ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਕੋਈ ਸਾਰਥਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹਥਿਆਰਾਂ ਦੀ ਨੁਮਾਇਸ਼ ਲਾ ਕੇ ਬਦਨਾਮ ਕੀਤਾ। ਇਸ ਦਾ ਵੀ ਅਕਾਲੀਆਂ ਦੀ ਲੀਡਰਸ਼ਿਪ ਨੇ ਖੰਡਨ ਨਹੀਂ ਕੀਤਾ। ਜੇ ਹਥਿਆਰਾਂ ਦਾ ਬਰਾਮਦ ਹੋਣਾ ਸੱਚ ਹੈ ਤਾਂ ਇਹ ਹਥਿਆਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਫੋਰਸਾਂ ਦੇ ਨਾਕਿਆਂ ਰਾਹੀਂ ਲੰਘ ਕੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਕਿਵੇਂ ਪਹੁੰਚੇ? ਜਨਰਲ ਸੁਬੇਗ ਸਿੰਘ ’ਤੇ ਇਲਜ਼ਾਮ ਹੈ ਕਿ ਉਸ ਨੇ ਨੌਜਵਾਨਾਂ ਨੂੰ ਹਥਿਆਰਾਂ ਨਾਲ ਲਾਮਬੰਦ ਕਰਨ ਵਿਚ ਭੂਮਿਕਾ ਨਿਭਾਈ ਸੀ। ਇਸ ਦੀ ਵੀ ਪੜਤਾਲ ਹੋਣੀ ਚਾਹੀਦੀ ਸੀ। ਹਮਲੇ ਤੋਂ ਪਹਿਲਾਂ ਹੋਰ ਕੋਈ ਬਦਲ ਕਿਉਂ ਨਹੀਂ ਵਰਤਿਆ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਅਜੇ ਬਕਾਇਆ ਹਨ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ’ਤੇ ਕਾਬਜ ਸਿੱਖ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਨਾਕਾਮ ਹੋ ਗਏ ਸਨ। ਉਨ੍ਹਾਂ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਕਰਕੇ ਡਰ ਲੱਗ ਰਿਹਾ ਸੀ ਕਿਉਂਕਿ ਭਿੰਡਰਾਂਵਾਲੇ ਦੀ ਸਿੱਖ ਜਗਤ ਵਿਚ ਹਰਮਨਪਿਆਰਤਾ ਵਧ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦੀ ਧੜਕਣ ਤੇਜ਼ ਹੋ ਰਹੀ ਸੀ ਕਿ ਕਿਤੇ ਉਹ ਸ਼੍ਰੋਮਣੀ ਅਕਾਲੀ ਦਲ ’ਤੇ ਕਾਬਜ ਨਾ ਹੋ ਜਾਵੇ। ਅੰਦਰਖਾਤੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਭਿੰਡਰਾਂਵਾਲੇ ਦੇ ਵਿਰੁੱਧ ਬੋਲ ਰਹੀ ਸੀ।

ਉਨ੍ਹਾਂ ਨੇ ਤਾਂ ਇੱਥੋਂ ਤੱਕ ਇਲਜ਼ਾਮ ਲਗਾ ਦਿੱਤਾ ਸੀ ਕਿ ਭਿੰਡਰਾਂਵਾਲੇ ਨੂੰ ਗਿਆਨੀ ਜ਼ੈਲ ਸਿੰਘ ਅਕਾਲੀਆਂ ਵਿਰੁੱਧ ਵਰਤ ਰਿਹਾ ਹੈ। ਕਈ ਪੁਸਤਕਾਂ ਲਿਖਣ ਵਾਲੇ ਸਿੱਖ, ਜਿਨ੍ਹਾਂ ਵਿਚ ਸਾਬਕਾ ਰਾਅ ਦੇ ਮੁਖੀ ਜੀਪੀਐੱਸ ਸਿੱਧੂ, ਪੀਸੀ ਅਲੈਗਜ਼ੈਂਡਰ, ਏਪੀ ਪਾਂਡੇ ਅਤੇ ਕੁਝ ਹੋਰ ਅਧਿਕਾਰੀ ਵੀ ਸ਼ਾਮਲ ਹਨ, ਨੇ ਵੀ ਇਹੋ ਸ਼ੱਕ ਪ੍ਰਗਟ ਕੀਤਾ ਸੀ ਜਦਕਿ ਇਸ ਵਿਚ ਕੋਈ ਸੱਚਾਈ ਨਹੀਂ ਸੀ। ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਲੜਾਈ ਕਰਕੇ ਦਰਬਾਰਾ ਸਿੰਘ ਦਾ ਧੜਾ ਵੀ ਇਹੋ ਇਲਜ਼ਾਮ ਲਾਈ ਜਾ ਰਿਹਾ ਸੀ।

ਭਿੰਡਰਾਂਵਾਲੇ ਵਿਰੁੱਧ ਇਹ ਸਾਰੀਆਂ ਅਫ਼ਵਾਹਾਂ ਬਹੁ-ਸੰਮਤੀ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ। ਉਨ੍ਹਾਂ ਨੇ ਕਦੀ ਖ਼ਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ ਪ੍ਰੰਤੂ ਇਹ ਜ਼ਰੂਰ ਕਿਹਾ ਸੀ ਕਿ ਜੇ ਦੇਣ ਤਾਂ ਕੋਈ ਇਨਕਾਰ ਨਹੀਂ। ਉਹ ਹਰ ਧਰਮ ਦੇ ਲੋਕਾਂ ਨੂੰ ਆਪੋ-ਆਪਣੇ ਧਰਮ ਵਿਚ ਪਰਪੱਕ ਰਹਿਣ ਲਈ ਕਹਿੰਦੇ ਸਨ।

ਹਰ ਸਮੱਸਿਆ ਦਾ ਹੱਲ ਗੱਲਬਾਤ ਨਾਲ ਹੀ ਹੁੰਦਾ ਹੈ। ਆਸਾਮ ਵਿਚ ਚਾਰ ਸਾਲ ਹਿੰਸਕ ਮਾਹੌਲ ਰਿਹਾ। ਆਖਰ ਕੇਂਦਰ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸਮਝੌਤਾ ਹੋ ਗਿਆ। ਪੰਜਾਬ ਵਿਚ ਸਮਝੌਤਾ ਕਿਉਂ ਨਹੀਂ ਹੋਇਆ? ਸਿੱਖ ਜਗਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੇਂਦਰੀ ਮੰਤਰੀਆਂ ਨਾਲ ਬਾਰਾਂ ਮੀਟਿੰਗਾਂ ਕੀਤੀਆਂ ਪ੍ਰੰਤੂ ਇਹ ਗੱਲਬਾਤ ਸਿਰੇ ਕਿਉਂ ਨਹੀਂ ਚੜ੍ਹੀ? ਕਿਉਂਕਿ ਅਕਾਲੀ ਲੀਡਰਸ਼ਿਪ ਸਮਝੌਤਾ ਜਾਂ ਤਾਂ ਕਰਨਾ ਨਹੀਂ ਚਾਹੁੰਦੀ ਸੀ ਜਾਂ ਕਮਜ਼ੋਰ ਹੋਣ ਕਰਕੇ ਫ਼ੈਸਲਾ ਨਹੀਂ ਕਰ ਸਕੀ।

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਕ ਵਾਰ ਤਾਂ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਵੀ ਗੱਲਬਾਤ ਕੀਤੀ ਸੀ। ਹਰ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੀਟਿੰਗ ਵਿਚ ਇਹ ਕਹਿੰਦੀ ਰਹੀ ਕਿ ਬਾਅਦ ਵਿਚ ਦੱਸਾਂਗੇ। ਇਸ ਦਾ ਤਾਂ ਇਹੋ ਅਰਥ ਨਿਕਲਦਾ ਹੈ ਕਿ ਉਹ ਸਮਝੌਤਾ ਕਰਨਾ ਨਹੀਂ ਚਾਹੁੰਦੇ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨਾਲ ਆਖ਼ਰੀ ਮੀਟਿੰਗ 26 ਮਈ 1984 ਨੂੰ ਹੋਈ ਸੀ। ਕੇਂਦਰ ਸਰਕਾਰ ਵੀ ਸੰਜੀਦਾ ਨਹੀਂ ਸੀ। ਇਕ ਪਾਸੇ ਮੀਟਿੰਗਾਂ ਕਰ ਰਹੀ ਸੀ ਤੇ ਦੂਜੇ ਪਾਸੇ ਬਲਿਊ ਸਟਾਰ ਆਪ੍ਰੇਸ਼ਨ ਦੀ ਤਿਆਰੀ ਕਰ ਰਹੀ ਸੀ। ਇਹ ਆਪ੍ਰੇਸ਼ਨ ਇਕ ਦਿਨ ਦਾ ਫ਼ੈਸਲਾ ਨਹੀਂ ਸੀ। ਲਗਪਗ ਇਕ ਸਾਲ ਤੋਂ ਤਿਆਰੀ ਕੀਤੀ ਜਾ ਰਹੀ ਸੀ। ਰਾਜੀਵ ਗਾਂਧੀ ਨੇ ਮਾਰਚ 1984 ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧਾਰਮਿਕ ਸੰਤ ਪੁਰਸ਼ ਕਿਹਾ ਸੀ। ਫਿਰ ਇੰਨੀ ਜਲਦੀ ਉਸ ਨੂੰ ਅੱਤਵਾਦੀ ਬਣਾ ਦਿੱਤਾ।

ਅੱਜ ਤੱਕ ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲੇ ਕਿਸੇ ਅਕਾਲੀ ਨੇਤਾ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਿਉਂ ਨਹੀਂ ਸਿਰੇ ਚੜ੍ਹ ਸਕਿਆ? ਉਨ੍ਹਾਂ ਵਿੱਚੋਂ ਕੁਝ ਨੇਤਾ ਤਾਂ ਅੱਜ ਵੀ ਜਿਊਂਦੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਮੀਟਿੰਗਾਂ ਵਿਚ ਪਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਬੰਤ ਸਿੰਘ, ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਸ਼ਾਮਲ ਹੁੰਦੇ ਰਹੇ ਸਨ।

ਉਹ ਵੀ ਚੁੱਪ ਬੈਠੇ ਰਹੇ। ਇਹ ਵੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਰਿਕਾਰਡ ਵਿਚ ਹੈ ਕਿ ਭਿੰਡਰਾਂਵਾਲੇ ਦਾ 19 ਫਰਵਰੀ 1983 ਦਾ ਲਿਖਿਆ ਇਕ ਖ਼ਤ ਇਕ ਅਖ਼ਬਾਰ ਦੇ ਸੰਪਾਦਕ ਭਰਪੂਰ ਸਿੰਘ ਬਲਬੀਰ ਨੇ ਇੰਦਰਾ ਗਾਂਧੀ ਨੂੰ ਨਿੱਜੀ ਤੌਰ ’ਤੇ ਮਿਲ ਕੇ ਦੇ ਕੇ ਦਿੱਤਾ ਸੀ ਤੇ ਫਿਰ ਇੰਦਰਾ ਗਾਂਧੀ ਨੇ ਉਸ ਖ਼ਤ ਦਾ ਜਵਾਬ ਭਰਪੂਰ ਸਿੰਘ ਬਲਬੀਰ ਰਾਹੀਂ ਦੋ ਦਿਨ ਬਾਅਦ 21 ਫਰਵਰੀ 1983 ਨੂੰ ਭਿੰਡਰਾਂਵਾਲੇ ਨੂੰ ਭਿਜਵਾਇਆ ਸੀ। ਮਰਹੂਮ ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਰਾਹੀਂ ਪਤਾ ਲੱਗਿਆ ਸੀ ਕਿ ਭਿੰਡਰਾਂਵਾਲੇ ਨਾਲ ਇੰਦਰਾ ਗਾਂਧੀ ਦੀ ਮੀਟਿੰਗ ਵੀ ਤੈਅ ਹੋ ਗਈ ਸੀ ਪ੍ਰੰਤੂ ਐਨ ਮੌਕੇ ’ਤੇ ਕੁਝ ਵਿਅਕਤੀਆਂ ਨੇ ਅੜਿਕਾ ਪਾ ਕੇ ਮੀਟਿੰਗ ਰੱਦ ਕਰਵਾ ਦਿੱਤੀ ਸੀ। ਜੇ ਸਮਝੌਤਾ ਹੋ ਜਾਂਦਾ ਤਾਂ ਸਿੱਖਾਂ ਨੂੰ ਅਜਿਹੇ ਹਾਲਾਤ ਵਿੱਚੋਂ ਨਾ ਗੁਜ਼ਰਨਾ ਪੈਂਦਾ। ਸਿੱਖਾਂ ਨੂੰ ਇਕਮੁੱਠ ਹੋ ਕੇ ਆਪਣੇ ’ਤੇ ਲੱਗੇ ਇਲਜ਼ਾਮਾਂ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ, ਤਾਂ ਜੋ ਸੰਸਾਰ ਵਿਚ ਸਿੱਖਾਂ ਦਾ ਅਕਸ ਬਲਿਊ ਸਟਾਰ ਬਾਰੇ ਸਾਫ਼ ਹੋ ਸਕੇ।

**ਉਜਾਗਰ ਸਿੰਘ**






# ਐਲੂਰੇਟ ਹੋਮਜ਼ ਨੂੰ ਨਵੇਂ ਕੇਅਰ ਬੈਡ ਲਾਕੇ ਪੀੜਤਾਂ ਨੂੰ ਰਾਹਤ ਦੇਵਾਂਗੇ: ਜੋਜ਼ੀ

'ਐਲੂਏਟ ਹੋਮਜ਼' ਵਿੱਚ ਨਵੇਂ ਕੇਅਰ ਬੈੱਡ ਜਲਦੀ ਹੀ ਉਨ੍ਹਾਂ ਵਧੇਰੇ ਲੋਕਾਂ ਦੀ ਸਹਾਇਤਾ ਕਰਨਗੇ, ਜਿਨ੍ਹਾਂ ਨੂੰ ਲੰਬੇ ਸਮੇਂ ਲਈ ਗੈਰ-ਇੱਛੁਕ ਦੇਖਭਾਲ ਦੀ ਲੋੜ ਹੁੰਦੀ ਹੈ। ਉਨ੍ਹਾਂ ਦੀਆਂ ਵਿਲੱਖਣ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਰੱਖਿਅਤ, ਘਰ ਵਰਗੇ ਮਾਹੌਲ ਵਿੱਚ ਵਿਸ਼ੇਸ਼ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

"ਐਲੂਏਟ ਹੋਮਜ਼ ਗੰਭੀਰ ਮਾਨਸਿਕ-ਸਿਹਤ ਚੁਣੌਤੀਆਂ ਨਾਲ ਜੂਝ ਰਹੇ ਲੋਕਾਂ ਲਈ, ਜਿਨ੍ਹਾਂ ਵਿੱਚ ਅਕਸਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀਆਂ ਚੁਣੌਤੀਆਂ ਅਤੇ ਦਿਮਾਗੀ ਸੱਟਾਂ ਵੀ ਸ਼ਾਮਲ ਹੁੰਦੀਆਂ ਹਨ, ਸੁਰੱਖਿਅਤ ਅਤੇ ਆਦਰਯੋਗ ਰਿਹਾਇਸ਼ਾਂ ਅਤੇ ਸੰਭਾਲ ਮੁਹੱਈਆ ਕਰਵਾਉਣਗੇ," ਸਿਹਤ ਮੰਤਰੀ, ਜੋਜ਼ੀ ਔਸਬੋਰਨ ਨੇ ਕਿਹਾ। "ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਲੋਕਾਂ ਨੂੰ ਸਹੀ ਸੰਭਾਲ ਮਿਲ ਰਹੀ ਹੈ, ਖ਼ਾਸਕਰ ਜਦੋਂ ਉਹ ਆਪਣੇ ਲਈ ਫੈਸਲੇ ਲੈਣ ਦੇ ਅਸਮਰੱਥ ਹੋਣ। ਇਹ ਬੈੱਡ, ਸਰਕਾਰ ਦੇ ਉਸ ਕੰਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਸਥਿਰ ਅਤੇ ਤਾਲਮੇਲ ਵਾਲੀ ਸਿਹਤ ਸੰਭਾਲ ਹਰ ਕਿਸੇ ਲਈ ਉਪਲਬਧ ਹੋਵੇ।"

ਐਲੂਏਟ ਹੋਮਜ਼ ਇੱਕ ਵਿਸ਼ੇਸ਼ ਮਾਨਸਿਕ ਸਿਹਤ ਫੈਸੀਲਿਟੀ ਹੈ ਜਿਸ ਵਿੱਚ ਮਾਨਸਿਕ ਸਿਹਤ ਐਕਟ (ਐਕਟ) ਦੇ ਤਹਿਤ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਲੋਕਾਂ ਦੀ ਸਹਾਇਤਾ ਕਰਨ ਲਈ ਗੈਰ-ਇੱਛੁਕ ਸੰਭਾਲ ਲਈ 18 ਨਵੇਂ ਬੈਡ ਤਿਆਰ ਕੀਤੇ ਗਏ ਹਨ।

ਇਹ ਉਹ ਲੋਕ ਹਨ ਜੋ ਮਾਨਸਿਕ ਸਿਹਤ ਸੰਬੰਧੀ ਗੰਭੀਰ ਅਤੇ ਲਗਾਤਾਰ ਵਿਕਾਰਾਂ ਨਾਲ ਜੂਝ ਰਹੇ ਹਨ ਅਤੇ ਅਕਸਰ ਇੱਕੋ ਸਮੇਂ 'ਤੇ ਹੋਰ ਚੁਣੌਤੀਆਂ, ਜਿਵੇਂ ਕਿ ਨਸ਼ੀਲੇ ਪਦਾਰਥਾਂ ਦੀ ਲਤ ਜਾਂ ਦਿਮਾਗੀ ਸੱਟਾਂ ਦਾ ਵੀ ਸਾਹਮਣਾ ਕਰਦੇ ਹਨ।



ਇਹ ਚੁਣੌਤੀਆਂ ਉਨ੍ਹਾਂ ਦੇ ਵਿਵਹਾਰ ਅਤੇ ਉਨ੍ਹਾਂ ਦੀ ਹੋਰ ਲੋਕਾਂ ਨਾਲ ਸੁਰੱਖਿਅਤ ਢੰਗ ਨਾਲ ਗੱਲਬਾਤ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

"ਇੱਕ ਸਾਬਕਾ ਪੁਲਿਸ ਅਧਿਕਾਰੀ ਵਜੋਂ, ਮੈਂ ਆਪਣੀ ਅੱਖੀਂ ਦੇਖਿਆ ਹੈ ਕਿ ਜਦੋਂ ਮਾਨਸਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਜੁੜੀਆਂ ਗੁੰਝਲਦਾਰ ਸਮੱਸਿਆਵਾਂ ਵਾਲੇ ਲੋਕਾਂ ਨੂੰ ਲੋੜੀਂਦੀ ਸਹਾਇਤਾ ਨਹੀਂ ਮਿਲਦੀ, ਤਾਂ ਇਸ ਦਾ ਕਿੰਨਾ ਅਸਰ ਵਿਅਕਤੀਆਂ ਅਤੇ ਸਮਾਜ 'ਤੇ ਪੈਂਦਾ ਹੈ," ਭਾਈਚਾਰਕ ਸੁਰੱਖਿਆ ਅਤੇ ਏਕੀਕ੍ਰਿਤ ਸੇਵਾਵਾਂ ਦੇ ਮਨਿਸਟਰ ਔਫ ਸਟੇਟ, ਟੈਰੀ ਯੰਗ ਨੇ ਕਿਹਾ।

"ਇਹ ਨਵੇਂ ਬੈੱਡ ਇਹ ਯਕੀਨੀ ਬਣਾਉਣ ਲਈ ਹਨ ਕਿ ਲੋਕਾਂ ਨੂੰ ਸਹੀ ਸਮੇਂ 'ਤੇ ਢੁਕਵੀਂ ਸਹਾਇਤਾ ਮਿਲੇ, ਤਾਂ ਜੋ ਜਨਤਕ ਸੁਰੱਖਿਆ ਵਿੱਚ ਸੁਧਾਰ ਆ ਸਕੇ। ਜਦੋਂ ਲੋਕਾਂ ਨੂੰ ਲੋੜੀਂਦੀ ਮਦਦ ਸਮੇਂ 'ਤੇ ਮਿਲਦੀ ਹੈ, ਤਾਂ ਸਾਡਾ ਭਾਈਚਾਰਾ ਸਭ ਲਈ ਹੋਰ ਸੁਰੱਖਿਅਤ ਬਣ ਜਾਂਦਾ ਹੈ।"

ਐਲੂਏਟ ਹੋਮ ਵੈਨਕੂਵਰ ਕੋਸਟਲ ਹੈਲਥ ਖੇਤਰ ਦੇ ਬਾਹਰ, ਮੇਪਲ ਰਿੱਜ ਵਿੱਚ ਸਥਿਤ ਹਨ। ਫਿਰ ਵੀ, ਇਹ VCH ਅਤੇ 'ਕਨੈਕਟਿਵ ਸੁਪੋਰਟ ਸੁਸਾਇਟੀ' ਦੇ ਸਾਂਝੇ ਸਹਿਯੋਗ ਨਾਲ ਚਲਾਏ ਜਾਣਗੇ। ਪਹਿਲੇ ਛੇ ਕਲਾਇੰਟ ਜੂਨ 2025 ਦੀ ਸ਼ੁਰੂਆਤ ਵਿੱਚ VCH ਤੋਂ ਇਨ੍ਹਾਂ ਘਰਾਂ ਵਿੱਚ ਭੇਜੇ ਜਾਣਗੇ।

"ਐਲੂਏਟ ਹੋਮਜ਼ ਬੀ.ਸੀ. ਵਿੱਚ ਆਪਣੀ ਕਿਸਮ ਦੀ ਪਹਿਲੀ ਸਹੂਲਤ ਹੈ, ਜੋ 'ਮਾਨਸਿਕ ਸਿਹਤ ਐਕਟ' ਦੇ ਤਹਿਤ ਗੈਰ-ਇੱਛੁਕ ਇਲਾਜ ਦੇ ਨਾਲ-ਨਾਲ ਮਰੀਜ਼ਾਂ ਨੂੰ ਵਿਅਕਤੀਗਤ ਦੇਖਭਾਲ, ਮਨੋ-ਸਮਾਜਕ ਸਹਾਇਤਾ ਅਤੇ ਘਰ ਵਰਗਾ ਮਾਹੌਲ ਮੁਹੱਈਆ ਕਰੇਗੀ," ਮਨੋਚਿਕਿਤਸਾ, ਨਸ਼ੀਲੇ ਪਦਾਰਥਾਂ ਅਤੇ ਇੱਕੋ ਸਮੇਂ 'ਤੇ ਮੌਜੂਦ ਕਈ ਵਿਕਾਰਾਂ ਲਈ ਬੀ.ਸੀ. ਦੇ ਚੀਫ਼ ਸਾਇੰਟੀਫਿਕ ਐਡਵਾਈਜ਼ਰ, ਡਾ. ਡੈਨੀਅਲ ਵੀਗੋ ਨੇ ਕਿਹਾ।

"ਵੈਨਕੂਵਰ ਕੋਸਟਲ ਹੈਲਥ ਨੂੰ ਖੁਸ਼ੀ ਹੈ ਕਿ ਉਹ ਲੰਬੇ ਸਮੇਂ ਦੀਆਂ ਸਹਾਇਕ ਰਿਹਾਇਸ਼ਾਂ ਦੇ ਨਾਲ, ਨਿਰੰਤਰ ਅਤੇ ਗੰਭੀਰ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਲੋੜੀਂਦੀ ਦੇਖਭਾਲ ਅਤੇ ਢੁਕਵੀਆਂ, ਸੁਰੱਖਿਅਤ ਅਤੇ ਆਦਰਯੋਗ ਰਿਹਾਇਸ਼ਾਂ ਪ੍ਰਦਾਨ ਕਰ ਰਹੀ ਹੈ," ਵੈਨਕੂਵਰ ਕਮਿਊਨਿਟੀ ਔਫ ਕੇਅਰ, ਵੈਨਕੂਵਰ ਕੋਸਟਲ ਹੈਲਥ ਦੇ ਵਾਈਸ ਪ੍ਰੈਜ਼ੀਡੈਂਟ, ਬੌਨੀ ਵਿਲਸਨ ਨੇ ਕਿਹਾ।


## MATRIMONIAL
### *Groom Wanted*

**CANADA PR girl**
***Marriage bureau stay away***
**Away from superstitions/ belongs to sikh family beleiving in Shri Guru Granth Sahib only***

**Name: G kanda**
**Gotra : Kanda**
**Age: 27yrs**
**Occupation: Senior Manager / Hotel Management**
**Height: 5'4"**
**Date of birth: 15 july 1997**
**Lives in : Surrey BC**
**Background: Moga Punjab**
**Education: Bachelor In Science panjab university, Business Administration Diploma and Certificate, Capilano University, North Vancouver**
**Family: Younger sister and brother , also living in Surrey, BC.**
**Family business : Gold smiths**
**Lifestyle: Vegetarian**

**Send profile on whatsapp: +91 -9814643160**
**Girl is Currently in india**








# ਕੈਨੇਡਾ ਨੇ ਜੀ 7 ਸਿਖਰ ਸੰਮੇਲਨ ਲਈ ਭਾਰਤ ਨੂੰ ਨਹੀਂ ਸਦਿਆ

**ਦਿੱਲੀ**: ਕੈਨੇਡਾ ਨੇ 15 ਤੋਂ 17 ਜੂਨ ਨੂੰ ਆਪਣੀ ਧਰਤੀ 'ਤੇ ਹੋਣ ਵਾਲੇ ਜੀ7 ਸਿਖਰ ਵਾਰਤਾ ਲਈ ਭਾਰਤ ਨੂੰ ਅਜੇ ਤੱਕ ਸੱਦਾ ਨਹੀਂ ਭੇਜਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉੱਚ ਪੱਧਰੀ ਦੌਰੇ ਤੋਂ ਪਹਿਲਾਂ ਅਗਾਊਂ ਕੋਈ ਤਿਆਰੀਆਂ ਨਹੀਂ ਹੋਈਆਂ ਹਨ, ਜਿਸ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਭਾਰਤ ਕੈਨੇਡਾ ਵਿੱਚ ਹੋਣ ਵਾਲੇ ਘ7 ਸੰਮੇਲਨ ਵਿੱਚ ਸ਼ਾਮਲ ਨਹੀਂ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਪਿਛਲੇ ਛੇ ਸਾਲਾਂ ਤੋਂ ਲਗਾਤਾਰ ਜੀ7 ਸੰਮੇਲਨ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਇਹ ਪਹਿਲੀ ਵਾਰ ਹੋਵੇਗਾ ਜਦੋਂ ਭਾਰਤ ਇਸ ਸਮਾਗਮ ਤੋਂ ਗੈਰਹਾਜ਼ਰ ਰਹੇਗਾ।

ਕੌਮਾਂਤਰੀ ਸਿਖਰ ਸੰਮੇਲਨਾਂ ਵਿਚ ਰਵਾਇਤੀ ਤੌਰ 'ਤੇ ਮੇਜ਼ਬਾਨ ਮੁਲਕ ਨੂੰ ਖਾਸ ਕਰਕੇ ਮਹਿਮਾਨ ਸੱਦਣ, ਏਜੰਡਾ ਨਿਰਧਾਰਿਤ ਕਰਨ ਤੇ ਸਿਖਰ ਵਾਰਤਾ ਲਈ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ।

ਜੀ7 ਵਿਸ਼ਵ ਦੀਆਂ ਸਭ ਤੋਂ ਵੱਧ ਉਦਯੋਗਿਕ ਅਰਥਚਾਰਿਆਂ -ਅਮਰੀਕਾ, ਯੂਕੇ, ਫਰਾਂਸ, ਜਰਮਨੀ, ਇਟਲੀ, ਜਾਪਾਨ ਅਤੇ ਕੈਨੇਡਾ ਦਾ ਇੱਕ ਗੈਰ-ਰਸਮੀ ਸਮੂਹ ਹੈ। ਇਸ ਵਿੱਚ ਯੂਰਪੀਅਨ ਯੂਨੀਅਨ (ਊ), ਕੌਮਾਂਤਰੀ ਮੁਦਰਾ ਫ਼ੰਡ, ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਨੂੰ ਵੀ ਸੱਦਾ ਦਿੱਤਾ ਗਿਆ ਹੈ।

ਕੈਨੇਡਾ ਵਿਚ ਜੂਨ 2023 'ਚ ਖਾਲਿਸਤਾਨੀ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਭਾਰਤ ਕੈਨੇਡਾ ਰਿਸ਼ਤਿਆਂ ਵਿਚ ਕੁੜੱਤਣ ਵਧੀ ਹੈ। ਇਸ ਮਾਮਲੇ ਨੇ ਉਦੋਂ ਜ਼ੋਰ ਫੜਿਆ ਜਦੋਂ ਤਤਕਾਲੀਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਝਰ ਦੀ ਹੱਤਿਆ ਵਿਚ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋਣ ਦਾ ਦਾਅਵਾ ਕੀਤਾ।

ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ 'ਬੇਬੁਨਿਆਦ' ਦੱਸਦੇ ਹੋਏ ਸਖ਼ਤੀ ਨਾਲ ਖਾਰਜ ਕਰ ਦਿੱਤਾ ਸੀ।



## ਮਿਸ ਵਰਲਡ ਬਣੀ ਥਾਈਲੈਂਡ ਦੀ ਸੁਜਾਤਾ



**ਹੈਦਰਾਬਾਦ**: ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸਰੀ ਨੇ ਮਿਸ ਵਰਲਡ 2025 ਦਾ ਖਿਤਾਬ ਜਿੱਤ ਲਿਆ ਹੈ ਅਤੇ ਇਥੋਪੀਆ ਦੀ ਹਾਸੇਟ ਡੇਰੇਜੇ ਅਡਮਸੂ ਨੂੰ ਉਪ ਜੇਤੂ ਐਲਾਨਿਆ ਗਿਆ ਹੈ। ਭਾਰਤ ਦੀ ਨੰਦਿਨੀ ਗੁਪਤਾ 108 ਦੇਸ਼ਾਂ ਦੇ ਭਾਗੀਦਾਰਾਂ ਨਾਲ ਮੁਕਾਬਲਾ ਕਰਨ ਤੋਂ ਬਾਅਦ ਟਾਪ-20 ਵਿਚ ਪਹੁੰਚੀ ਸੀ ਪਰ ਉਹ ਟਾਪ- 8 ਵਿਚੋਂ ਬਾਹਰ ਹੋ ਗਈ।

ਫਿਨਾਲੇ ਦੀ ਸ਼ੁਰੂਆਤ ਟਾਪ-40 ਮੁਕਾਬਲੇਬਾਜ਼ਾਂ ਵੱਲੋਂ ਇਕ ਕਲਚਰਲ ਰੈਂਪ ਵਾਕ ਨਾਲ ਹੋਈ, ਜਿਸ ਵਿਚ ਭਾਰਤ ਤੋਂ ਨੰਦਿਨੀ ਗੁਪਤਾ ਸ਼ੈਅ-ਸਟਾਪਰ ਰਹੀ। 72 ਸਾਲਾਂ ਦੇ ਇਤਿਹਾਸ ਵਿਚ ਮਿਸ ਵਰਲਡ ਦੇ ਸਭ ਤੋਂ ਵੱਧ ਖਿਤਾਬ ਭਾਰਤ ਨੇ ਜਿੱਤੇ ਹਨ। ਰੀਤਾ ਫਾਰੀਆ ਮਿਸ ਵਰਲਡ ਜਿੱਤਣ ਵਾਲੀ ਪਹਿਲੀ ਭਾਰਤੀ ਹੈ। ਉਸ ਤੋਂ ਬਾਅਦ ਐਸ਼ਵਰਿਆ ਰਾਏ, ਪ੍ਰਿਅੰਕਾ ਚੋਪੜਾ, ਯੁਕਤਾ ਮੁਖੀ, ਡਾਇਨਾ ਹੇਡਨ ਅਤੇ ਮਾਨੁਸ਼ੀ ਛਿੱਲਰ ਵੀ ਮਿਸ ਵਰਲਡ ਰਹਿ ਚੁੱਕੀਆਂ ਹਨ।



# ਦੁਨੀਆ ਦਾ ਸਭ ਤੋਂ ਬਜ਼ੁਰਗ ਪਹਿਲਵਾਨ !



ਐਂਡਰਿਊ ਬੋਸਟਿਨੋ ਭਾਵੇਂ 100 ਸਾਲ ਦੇ ਹੋਣ, ਪਰ ਉਸਦੀ ਤੰਦਰੁਸਤੀ ਅਤੇ ਊਰਜਾ ਸਭ ਤੋਂ ਬਹਾਦਰ ਵਿਅਕਤੀ ਦੇ ਵੀ ਸਾਹ ਰੋਕ ਸਕਦੀ ਹੈ।

ਐਂਡਰਿਊ ਦੀ ਕਹਾਣੀ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਕਾਰਨ? ਇਸ ਉਮਰ ਵਿੱਚ ਵੀ, ਉਹ ਹਰ ਰੋਜ਼ ਜਿੰਮ ਜਾਂਦਾ ਹੈ, ਭਾਰੀ ਵਜ਼ਨ ਚੁੱਕਦਾ ਹੈ ਤੇ ਆਪਣੇ ਆਪ ਨੂੰ 25 ਸਾਲ ਦੇ ਨੌਜਵਾਨ ਵਾਂਗ ਊਰਜਾਵਾਨ ਰੱਖਣ ਲਈ ਪਸੀਨਾ ਵਹਾਉਂਦਾ ਹੈ।

ਸਭ ਤੋਂ ਖਾਸ ਗੱਲ ਇਹ ਹੈ ਕਿ ਐਂਡਰਿਊ ਬੋਸਟਿਨੋ ਦਾ ਨਾਮ ਗਿਨੀਜ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਉਹ ਦੁਨੀਆ ਦਾ ਸਭ ਤੋਂ ਬਜ਼ੁਰਗ ਬਾਡੀ ਬਿਲਡਰ ਹੈ ਤੇ ਹਾਂ, ਉਹ ਸਿਰਫ਼ ਨਾਮ ਦਾ ਬਾਡੀ ਬਿਲਡਰ ਨਹੀਂ ਹੈ... ਉਹ ਅਜੇ ਵੀ ਬਾਡੀ ਬਿਲਡਿੰਗ ਮੁਕਾਬਲਿਆਂ ਵਿੱਚ ਹਿੱਸਾ ਲੈਂਦਾ ਹੈ ਅਤੇ ਸਟੇਜ 'ਤੇ ਆਉਂਦਾ ਹੈ ਅਤੇ ਆਪਣੇ ਮਸਲ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੰਦਾ ਹੈ।

ਐਂਡਰਿਊ ਦੀ ਕਹਾਣੀ ਸਿਰਫ਼ ਤੰਦਰੁਸਤੀ ਬਾਰੇ ਨਹੀਂ ਹੈ, ਸਗੋਂ ਸੰਘਰਸ਼ ਅਤੇ ਸੇਵਾ ਬਾਰੇ ਵੀ ਹੈ। ਉਸਨੇ ਦੂਜੇ ਵਿਸ਼ਵ ਯੁੱਧ ਵਿੱਚ ਇੱਕ ਸਿਪਾਹੀ ਵਜੋਂ ਹਿੱਸਾ ਲਿਆ। ਇਸਦਾ ਮਤਲਬ ਹੈ ਕਿ ਉਹ ਸਿਰਫ਼ ਇੱਕ ਫਿਟਨੈਸ ਹੀਰੋ ਨਹੀਂ ਹੈ, ਸਗੋਂ ਇੱਕ ਯੋਧਾ ਵੀ ਹੈ ਜਿਸਨੇ ਦੇਸ਼ ਦੀ ਸੇਵਾ ਕੀਤੀ।

# ਕੈਨੇਡਾ ਦੀ ਕੁੜੀ ਨੂੰ ਮੁੰਡੇ ਨੇ ਗਰਲਫ੍ਰੈਂਡ ਨੂੰ ਦਿੱਤੇ ਲਾਟਰੀ 'ਚ ਜਿੱਤੇ 30 ਕਰੋੜ ਰੁਪਏ, ਕੁੜੀ ਪੈਸੇ ਲੈ ਨਵੇਂ ਕਿਸੇ ਹੋਰ ਨਾਲ ਹੋਈ ਫਰਾਰ...




ਪਿਆਰ ਤਾਂ ਹੁਣ ਕਿਤਾਬੀ ਗੱਲਾਂ ਬਣ ਕੇ ਰਹਿ ਗਿਆ ਹੈ। ਮੁੰਡੇ ਕੁੜੀਆਂ ਪੈਸੇ ਪਿੱਛੇ ਮਿੰਟ ਨਹੀਂ ਲਗਾਉਂਦੇ ਸੱਚ ਪਿਆਰ ਨੂੰ ਛੱਡਣ ਦੇ ਵਿੱਚ। ਅਜਿਹਾ ਹੀ ਦੇਖਣ ਨੂੰ ਮਿਲਿਆ ਕੈਨੇਡਾ ਦੇ ਵਿੱਚ। ਕੈਨੇਡਾ ਦੇ ਵਿੱਚ ਇਕ ਯੁਵਕ ਨੂੰ 30 ਕਰੋੜ ਰੁਪਏ ਦੀ ਲਾਟਰੀ ਲੱਗੀ ਸੀ। ਉਸ ਨੇ ਇਹ ਪੂਰੀ ਰਕਮ ਆਪਣੀ ਪ੍ਰੇਮਿਕਾ ਨੂੰ ਤੋਹਫ਼ੇ ਵਜੋਂ ਦੇ ਦਿੱਤੀ। ਪਰ ਲੜਕੀ ਨੇ ਬਿਨਾਂ ਦੇਰੀ ਕੀਤੇ ਸਾਰੇ ਪੈਸੇ ਲਏ ਅਤੇ ਆਪਣੇ ਦੂਜੇ ਪ੍ਰੇਮੀ ਨਾਲ ਫਰਾਰ ਹੋ ਗਈ। ਹੁਣ ਇਹ ਮਾਮਲਾ ਕੋਰਟ ਤੱਕ ਪਹੁੰਚ ਗਿਆ ਹੈ ਅਤੇ ਇਸ 'ਤੇ ਸੁਣਵਾਈ ਹੋਣੀ ਬਾਕੀ ਹੈ।

**50 ਲੱਖ ਕੈਨੇਡੀਅਨ ਡਾਲਰ ਲੈ ਕੇ ਹੋਈ ਫਰਾਰ:** ਤੁਹਾਨੂੰ ਦੱਸ ਦਈਏ ਕਿ ਇਹ ਘਟਨਾ ਕੈਨੇਡਾ ਦੀ ਹੈ। ਇਕ ਯੁਵਕ ਨੇ ਆਪਣੀ ਸਾਬਕਾ ਪ੍ਰੇਮਿਕਾ 'ਤੇ ਇਲਜ਼ਾਮ ਲਾਇਆ ਹੈ ਕਿ ਉਸ ਨੇ ਉਸਦੇ ਨਾਂ 'ਤੇ 50 ਲੱਖ ਕੈਨੇਡੀਅਨ ਡਾਲਰ (ਲਗਭਗ 30 ਕਰੋੜ ਰੁਪਏ) ਦੀ ਲਾਟਰੀ ਜਿੱਤਣ ਤੋਂ ਬਾਅਦ ਉਸ ਨੂੰ ਧੋਖਾ ਦਿੱਤਾ ਅਤੇ ਆਪਣੇ ਨਵੇਂ ਪ੍ਰੇਮੀ ਨਾਲ ਫਰਾਰ ਹੋ ਗਈ।

ਕੈਨੇਡਾ ਦੇ ਵਿੰਨੀਪੈਗ ਵਿੱਚ ਰਹਿ ਰਹੇ ਲਾਰੈਂਸ ਕੈਂਪਬੈਲ ਅਨੁਸਾਰ ਉਸ ਨੇ 2024 ਵਿੱਚ ਇਹ ਲਾਟਰੀ ਟਿਕਟ ਖਰੀਦੀ ਸੀ, ਪਰ ਉਨ੍ਹਾਂ ਕੋਲ ਵੈਲਿਡ ਪਛਾਣ ਪੱਤਰ ਨਾ ਹੋਣ ਕਾਰਨ ਉਹ ਆਪਣੇ ਨਾਂ 'ਤੇ ਇਨਾਮ ਦਾ ਦਾਅਵਾ ਨਹੀਂ ਕਰ ਸਕਿਆ। ਲਾਟਰੀ ਅਧਿਕਾਰੀਆਂ ਦੀ ਸਲਾਹ 'ਤੇ ਉਸ ਨੇ ਆਪਣੀ ਉਸ ਵੇਲੇ ਦੀ ਪ੍ਰੇਮਿਕਾ ਕ੍ਰਿਸਟਲ ਐਨ ਮੈਕੇ ਨੂੰ ਇਹ ਇਨਾਮ ਉਨ੍ਹਾਂ ਦੀ ਥਾਂ ਲੈਣ ਲਈ ਕਿਹਾ।

ਕੈਂਪਬੈਲ ਨੇ CTV ਨਿਊਜ਼ ਨੂੰ ਦੱਸਿਆ, "ਅਸੀਂ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਇੱਕ ਵਫਾਦਾਰ ਤੇ ਮਜ਼ਬੂਤ ਰਿਸ਼ਤੇ ਵਿੱਚ ਸੀ। ਅਸੀਂ ਇਕੱਠੇ ਰਹਿ ਰਹੇ ਸੀ ਅਤੇ ਮੈਂ ਉਸ 'ਤੇ ਪੂਰਾ ਭਰੋਸਾ ਕੀਤਾ ਸੀ।" ਕਿਉਂਕਿ ਕੈਂਪਬੈਲ ਕੋਲ ਆਪਣੇ ਨਾਂ ਬੈਂਕ ਖਾਤਾ ਵੀ ਨਹੀਂ ਸੀ, ਉਨ੍ਹਾਂ ਨੇ ਕ੍ਰਿਸਟਲ ਨੂੰ ਪੈਸੇ ਆਪਣੇ ਖਾਤੇ 'ਚ ਜਮ੍ਹਾ ਕਰਨ ਲਈ ਵੀ ਕਿਹਾ।

ਸ਼ੁਰੂਆਤ ਵਿੱਚ ਸਾਰਾ ਕੁਝ ਠੀਕ ਸੀ। ਦੋਹਾਂ ਨੇ ਇਕ ਵੀਡੀਓ ਰਿਕਾਰਡ ਕੀਤੀ ਅਤੇ ਇਕ ਦਵਾਈਆਂ ਦੀ ਦੁਕਾਨ 'ਚ ਜਿੱਤਿਆ ਟਿਕਟ ਵੈਰੀਫਾਈ ਵੀ ਕਰਵਾਇਆ। ਉਹ ਵੱਡੀ ਲਾਟਰੀ ਚੈੱਕ ਨਾਲ ਖੁੱਲ੍ਹੇ ਤੌਰ 'ਤੇ ਫੋਟੋਆਂ ਵਿੱਚ ਵੀ ਨਜ਼ਰ ਆਏ। ਉਸ ਸਮੇਂ ਇਸ ਜਿੱਤ ਨੂੰ ਕੈਂਪਬੈਲ ਵੱਲੋਂ ਕ੍ਰਿਸਟਲ ਲਈ ਜਨਮਦਿਨ ਦਾ ਤੋਹਫ਼ਾ ਦੱਸਿਆ ਗਿਆ।

# ਇੰਝ ਵੀ ਹੁੰਦੈ

## ਇਸ ਦੇਸ਼ 'ਚ ਸਭ ਤੋਂ ਵੱਧ ਹੁੰਦਾ ਹੈ ਪਤੀਆਂ ਦਾ ਸ਼ੋਸ਼ਣ



ਹਾਲ ਹੀ ਵਿੱਚ ਪ੍ਰਕਾਸ਼ਿਤ ਸੰਯੁਕਤ ਰਾਸ਼ਟਰ ਦੀ ਰਿਪੋਰਟ ਨੇ ਘਰੇਲੂ ਹਿੰਸਾ ਦੇ ਮੁੱਦੇ 'ਤੇ ਇੱਕ ਨਵੀਂ ਅਤੇ ਹੈਰਾਨ ਕਰਨ ਵਾਲੀ ਜਾਣਕਾਰੀ ਸਾਹਮਣੇ ਰੱਖੀ ਹੈ: ਕਈ ਦੇਸ਼ਾਂ ਵਿੱਚ ਔਰਤਾਂ ਵੀ ਘਰੇਲੂ ਹਿੰਸਾ ਦੀਆਂ ਦੋਸ਼ੀ ਹਨ ਅਤੇ ਪੁਰਸ਼ ਵੀ, ਖਾਸ ਕਰਕੇ ਪਤੀ, ਇਸ ਦੇ ਸ਼ਿਕਾਰ ਬਣ ਰਹੇ ਹਨ। ਰਿਪੋਰਟ ਮੁਤਾਬਕ, ਮਿਸਰ ਵਿੱਚ ਪਤੀਆਂ ਨੂੰ ਸਭ ਤੋਂ ਵੱਧ ਘਰੇਲੂ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ, ਇਸ ਤੋਂ ਬਾਅਦ ਯੂਨਾਈਟਿਡ ਕਿੰਗਡਮ ਅਤੇ ਫਿਰ ਭਾਰਤ ਦਾ ਸਥਾਨ ਹੈ। ਇਹ ਅੰਕੜਾ ਭਾਰਤ ਵਰਗੇ ਪਰੰਪਰਾਗਤ ਸਮਾਜ ਵਿੱਚ ਹੈਰਾਨ ਕਰਨ ਵਾਲਾ ਹੈ, ਜਿੱਥੇ ਪੁਰਸ਼ਾਂ ਨੂੰ ਹਮੇਸ਼ਾ ਮਜ਼ਬੂਤ ਅਤੇ ਹਿੰਸਾ ਤੋਂ ਦੂਰ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ।

ਭਾਰਤ ਵਿੱਚ ਘਰੇਲੂ ਹਿੰਸਾ ਦੇ ਕੇਸਾਂ ਵਿੱਚ ਮਰਦਾਂ ਦੀ ਸਥਿਤੀ ਅਕਸਰ ਅਣਦੇਖੀ ਰਹਿੰਦੀ ਹੈ। ਹਾਲਾਂਕਿ ਹਾਲੀਆ ਅਧਿਐਨਾਂ ਅਤੇ ਰਿਪੋਰਟਾਂ ਨੇ ਇਹ ਸਪੱਸ਼ਟ ਕੀਤਾ ਹੈ ਕਿ ਮਰਦ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੇ ਹਨ। ਨੈਸ਼ਨਲ ਫੈਮਲੀ ਹੈਲਥ ਸਰਵੇ ਦੇ ਅਨੁਸਾਰ, ਭਾਰਤ ਵਿੱਚ ਹਰ 1,000 ਵਿਆਹਸ਼ੁਦਾ ਮਰਦਾਂ ਵਿੱਚੋਂ 29 ਨੂੰ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਤਮਿਲਨਾਡੂ ਵਿੱਚ ਇਹ ਅੰਕੜਾ 90 ਪ੍ਰਤੀ 1,000 ਤੱਕ ਪਹੁੰਚ ਜਾਂਦਾ ਹੈ। ਹਰਿਆਣਾ ਦੇ ਇੱਕ ਪਿੰਡੀ ਅਧਿਐਨ ਵਿੱਚ ਪਤਾ ਲੱਗਾ ਕਿ 52.4% ਮਰਦਾਂ ਨੇ ਆਪਣੀ ਜ਼ਿੰਦਗੀ ਵਿੱਚ ਘੱਟੋ-ਘੱਟ ਇੱਕ ਵਾਰੀ ਘਰੇਲੂ ਹਿੰਸਾ ਦਾ ਸਾਹਮਣਾ ਕੀਤਾ ਹੈ।

ਗੁਰਜੀਤ ਓਦੋਂ ਕਰੀਬ ਦਸ ਕੁ ਸਾਲ ਦੀ ਹੋਵੇਗੀ ਤੇ ਛੋਟੀ ਹਰਲੀਨ ਕੋਈ ਅੱਠ ਕੁ ਵਰ੍ਹਿਆਂ ਦੀ ਜਦੋਂ ਉਸ ਪਰਮਾਤਮਾ ਨੇ ਉਸ ਦੇ ਫੌਜੀ ਅਫ਼ਸਰ ਪਿਤਾ ਦਾ ਲੋਕ ਸਿਆਣਪ ਮੁਤਾਬਿਕ ਦੁਨੀਆ 'ਤੇ ਬੂਟਾ ਲੱਗਾ ਭਾਵ ਉਸ ਦੇ ਛੋਟੇ ਭਰਾ ਗੁਰਮੇਹਰ ਦਾ ਜਨਮ ਹੋਇਆ। ਸਾਰੇ ਘਰ 'ਚ ਬਹੁਤ ਖੁਸ਼ੀ ਮਨਾਈ ਗਈ। ਉਸ ਨੂੰ ਯਾਦ ਹੈ ਕਿ ਦਾਦੀ ਨੇ ਸ਼ਰੀਕੇ ਵਿਚ ਘਰ ਦੇ ਬਣਾਏ ਹੋਏ ਗੋਂਦਵੇਂ ਲੱਡੂ ਵੰਡੇ ਸਨ। ਸਾਰਾ ਮੁਹੱਲਾ ਵਧਾਈ ਦੇਣ ਉਨ੍ਹਾਂ ਦੇ ਘਰ ਆਇਆ ਸੀ। ਸਾਰੇ ਵੀਰ ਨੂੰ ਲੱਡੂ-ਲੱਡੂ ਕਹਿ ਕੇ ਬਲਾਉਂਦੇ ਸਨ। ਗੁਰਮੇਹਰ ਬਹੁਤ ਹੀ ਸੋਹਣਾ ਸੀ ਹਰ ਕੋਈ ਉਸ ਨੂੰ ਗੋਦੀ ਚੁੱਕਣਾ ਚਾਹੁੰਦਾ। ਉਹ ਦੋਵੇਂ ਭੈਣਾਂ ਸਕੂਲੋਂ ਆ ਕੇ ਜਲਦੀ-ਜਲਦੀ ਆਪਣਾ ਹੋਮਵਰਕ ਕਰ ਕੇ ਆਪਣੇ ਵੀਰੇ ਨੂੰ ਖਿਡਾਉਣ ਲੱਗ ਪੈਂਦੀਆਂ। ਛੋਟੇ ਵੀਰੇ ਦੇ ਜਨਮ ਤੋਂ ਬਾਅਦ ਉਸ ਪਰਮਾਤਮਾ ਦੀ ਰਜ਼ਾ ਅਨੁਸਾਰ ਸਾਲ-ਸਾਲ ਦੇ ਵਕਫ਼ੇ ਨਾਲ ਗੁਰਜੀਤ ਤੇ ਹਰਲੀਨ ਤੋਂ ਇਲਾਵਾ ਉਨ੍ਹਾਂ ਦੀਆਂ ਦੋ ਹੋਰ ਭੈਣਾਂ ਨੇ ਜਨਮ ਲਿਆ।

ਹੁਣ ਉਹ ਪੰਜੇ ਭੈਣ-ਭਰਾ ਹੱਸਦੇ-ਖੇਡਦੇ ਲੜਦੇ-ਘੁਲਦੇ ਕਦੋਂ ਜਵਾਨ ਹੋ ਗਏ, ਪਤਾ ਹੀ ਨਾ ਲੱਗਾ। ਗੁਰਜੀਤ ਬੀ.ਏ., ਬੀ.ਐੱਡ. ਕਰ ਕੇ ਬੇਰੁਜ਼ਗਾਰ ਸੀ। ਛੋਟੀ ਹਰਲੀਨ ਬੀ.ਐੱਸਸੀ. ਨਰਸਿੰਗ ਕਰ ਕੇ ਸਰਕਾਰੀ ਨੌਕਰੀ 'ਤੇ ਲੱਗ ਚੁੱਕੀ ਸੀ।ਭਰਾ ਵੀ ਆਰਟਸ ਵਿਚ ਬੀ.ਏ. ਕਰ ਕੇ ਘਰ ਹੀ ਸੀ। ਛੋਟੀਆਂ ਦੋਵੇਂ ਹਾਲੇ ਮੈਡੀਕਲ ਦੀ ਪੜ੍ਹਾਈ ਕਰ ਰਹੀਆਂ ਸਨ। ਪਿਤਾ ਜੀ ਸਾਲ ਵਿਚ ਇਕ-ਦੋ ਵਾਰ ਛੁੱਟੀ ਆ ਜਾਂਦੇ ਸਨ। ਮਾਂ ਘਰ ਦੇ ਕੰਮਾਂ ਵਿਚ ਮਗਨ ਰਹਿੰਦੀ।

ਘਰ 'ਚ ਆਮ ਸਮਾਜ ਦੀ ਤਰ੍ਹਾਂ ਕੁੜੀਆਂ 'ਤੇ ਪਾਬੰਦੀਆਂ ਆਦਿ ਸਨ ਪਰ ਗੁਰਮੇਹਰ 'ਤੇ ਕੋਈ ਪਾਬੰਦੀ ਨਹੀਂ ਸੀ। ਉਹ ਯਾਰਾਂ-ਦੋਸਤਾਂ ਨਾਲ ਘੁੰਮਣ ਗਿਆ ਕਈ ਵਾਰ ਰਾਤ ਨੂੰ ਵੀ ਘਰ ਨਾ ਆਉਂਦਾ ਜਿਸ ਦੀ ਸ਼ਿਕਾਇਤ ਦੋਵੇਂ ਵੱਡੀਆਂ ਭੈਣਾਂ ਛੁੱਟੀ ਆਉਂਦੇ ਪਿਤਾ ਕੋਲ ਅਕਸਰ ਕਰਦੀਆਂ ਪਰ ਪਿਤਾ ਜੀ ਲਾਡਲੇ ਗੁਰਮੇਹਰ ਨੂੰ ਬਿਲਕੁਲ ਵੀ ਨਾ ਝਿੜਕਦੇ ਅਤੇ ਉਨ੍ਹਾਂ 'ਤੇ ਕੁਝ ਹੋਰ ਸਖ਼ਤਾਈ ਜ਼ਰੂਰ ਕਰ ਜਾਂਦੇ। ਸਮਾਂ ਆਪਣੀ ਰਫਤਾਰ ਨਾਲ ਚੱਲਦਾ ਰਿਹਾ। ਗੁਰਜੀਤ ਤੇ ਉਸ ਤੋਂ ਛੋਟੀ ਹਰਲੀਨ ਦਾ ਵਿਆਹ ਹੋ ਗਿਆ। ਹਰਲੀਨ ਨੌਕਰੀ ਛੱਡ ਕੇ ਘਰਵਾਲੇ ਨਾਲ ਵਿਦੇਸ਼ ਚਲੀ ਗਈ।

ਏਧਰ ਗੁਰਜੀਤ ਦੀ ਆਪਣੇ ਘਰਵਾਲੇ ਨਾਲ ਪਹਿਲੇ ਦਿਨ ਤੋਂ ਹੀ ਨਾ ਬਣੀ ਤੇ ਤਿੰਨ ਕੁ ਸਾਲਾਂ ਬਾਅਦ ਹੀ ਉਸ ਦਾ ਤਲਾਕ ਹੋ ਗਿਆ। ਇਸ ਅਰਸੇ ਦੌਰਾਨ ਗੁਰਜੀਤ ਕੋਲ ਇਕ ਬੇਟਾ ਵੀ ਸੀ ਜੋ ਉਸ ਨੇ ਆਪਣੇ ਅੰਦਰ ਮਮਤਾ ਨੂੰ ਦਬਾਅ ਕੇ ਖ਼ੁਦ ਅਦਾਲਤ ਵਿਚ ਆਪਣੀ ਲਿਖ਼ਤੀ ਸਹਿਮਤੀ ਦੇ ਕੇ ਬੱਚੇ ਦੇ ਬਿਹਤਰ ਭਵਿੱਖ ਨੂੰ ਮੁੱਖ ਰੱਖਦਿਆਂ ਉਸ ਨੂੰ ਉਸ ਦੇ ਪਿਤਾ ਦੇ ਹਵਾਲੇ ਕਰ ਦਿੱਤਾ। ਗੁਰਜੀਤ ਆਪਣੇ ਮਾਤਾ-ਪਿਤਾ ਦੇ ਘਰ ਆ ਗਈ। ਉਸ ਦੇ ਪਿਤਾ ਜੀ ਵੀ ਹੁਣ ਸੇਵਾਮੁਕਤ ਹੋ ਕੇ ਘਰ ਆ ਗਏ ਸਨ। ਮਾਤਾ-ਪਿਤਾ ਗੁਰਮੀਤ ਦੇ ਤਲਾਕ ਤੇ ਇਲਾਵਾ ਤਿੰਨਾਂ ਧੀਆਂ ਦੇ ਕਾਰਜ ਕਰਕੇ ਸੁਰਖਰੂ ਸਨ। ਲਾਡਲਾ ਗੁਰਮੇਹਰ ਵੀ ਵਿਆਹੁਣ ਯੋਗ ਹੋਇਆ ਪਿਆ ਸੀ ਪਰ ਉਹ ਕੋਈ ਕੰਮ-ਕਾਰ ਕਰਦਾ ਨਹੀਂ ਸੀ ਇਸ ਕਰਕੇ ਕੋਈ ਰਿਸਤਾ ਨਹੀਂ ਮਿਲ ਰਿਹਾ ਸੀ। ਵੈਸੇ ਗੁਰਮੇਹਰ ਜ਼ਿਆਦਾ ਲਾਡਲਾ ਹੋਣ ਕਰਕੇ ਰਿਸ਼ਤਿਆਂ ਦੀ ਕੋਈ ਬਹੁਤੀ ਕਦਰ ਨਹੀਂ ਸੀ ਕਰਦਾ। ਉਹ ਉਸ ਨੂੰ ਵੀ ਗੁਰਜੀਤ ਕਹਿ ਕੇ ਹੀ ਬਲਾਉਂਦਾ ਜਦਕਿ ਉਹ ਉਸ ਤੋਂ ਤੇਰਾਂ-ਚੌਦਾਂ ਸਾਲ ਛੋਟਾ ਸੀ। ਉਹ ਕਈ ਵਾਰ ਪਿਤਾ ਜੀ ਨੂੰ ਵੀ ਗਲਤ ਬੋਲ ਦਿੰਦਾ ਪਰ ਪਿਤਾ ਜੀ ਅੱਗੇ ਹੰਸ ਜੈਸੇ ਸਨ। ਮਾਂ ਤਾਂ ਮੱਥੇ ਰਗੜ-ਰਗੜ ਲਏ ਪੁੱਤਰ ਗੁਰਮੇਹਰ ਨੂੰ ਕਦੇ ਕੋਈ ਉੱਚੀ ਨੀਵੀਂ ਨਾ ਕਦੇ ਆਪ ਕਹਿੰਦੀ ਅਤੇ ਨਾ ਹੀ ਪਰਿਵਾਰ ਵਿਚ ਕਿਸੇ ਨੂੰ ਕਹਿਣ ਦਿੰਦੀ। ਗੁਰਮੇਹਰ ਨੇ ਆਪਣੇ ਸੱਜਣਾਂ-ਬੇਲੀਆਂ ਦੀ ਚੁੱਕ ਵਿਚ ਆ ਕੇ ਕਨੈਡਾ ਜਾਣ ਦੀ ਰੱਟ ਲਗਾ ਦਿੱਤੀ।

ਸਾਰੇ ਪਰਿਵਾਰ ਨੇ ਬਹੁਤ ਰੋਕਿਆ ਪਰ ਉਹ ਨਾ ਮੰਨਿਆ। ਉਸ ਨੇ ਮਹੀਨੇ ਵਿਚ ਹੀ ਵਿਦੇਸ਼ ਜਾਣ ਦਾ ਟੈਸਟ ਪਾਸ ਕਰ ਲਿਆ। ਸਾਰੇ ਪਰਿਵਾਰ ਨੇ ਉਸ ਨੂੰ ਕਿਹਾ ਕਿ ਉਹ ਟੋਰਾਂਟੋ ਚਲਾ ਜਾਵੇ ਜਿੱਥੇ ਹਰਲੀਨ ਰਹਿ ਰਹੀ ਸੀ। ਪਰ ਗੁਰਮੇਹਰ ਕਹਿੰਦਾ ਕਿ ਮੈਂ ਇੱਕਲਾ ਹੀ ਰਹਾਂਗਾ। ਪਿਤਾ ਨੇ ਆਪਣੇ ਹਿੱਸੇ ਦੀ ਜੱਦੀ ਜ਼ਮੀਨ 'ਚ ਇਕ ਕਿੱਲਾ ਵੇਰ ਕੇ ਗੁਰਮੇਹਰ ਦੇ ਕੈਨੇਡਾ ਪਹੁੰਚਣ ਦਾ ਇੰਤਜ਼ਾਮ ਕਰ ਦਿੱਤਾ। ਗੁਰਮੋਹਰ ਆਪਣੀ ਜ਼ਿੰਦ ਮੁਤਾਬਿਕ ਕੈਨੇਡਾ ਜਾ ਕੇ ਇੱਕਲਾ ਹੀ ਰਹਿਣ ਲੱਗ ਪਿਆ। ਇਕ ਦੋ ਵਾਰ ਹਰਲੀਨ ਉਸ ਨੂੰ ਮਿਲਣ ਵੀ ਗਈ ਪਰ ਉਸ ਦਾ ਰੱਖਾ ਜਿਹਾ ਵਤੀਰਾ ਵੇਖ ਉਸ ਨੇ ਵੀ ਉਸ ਨਾਲੋਂ ਰਾਬਤਾ ਤੋੜ ਲਿਆ ਕਿਉਂਕਿ ਹਰ ਥਾਂ ਹੱਥ ਨੂੰ ਹੱਥ ਹੀ ਹੁੰਦਾ ਹੈ। ਏਧਰ ਪਿਤਾ ਜੀ ਨੇ ਇਕ ਦੋ ਵਰ ਗੁਰਜੀਤ ਦਾ ਦੁਬਾਰਾ ਘਰ ਵਸਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਗੱਲ ਸਿਰੇ ਨਾ ਲੱਗੀ। ਗੁਰਜੀਤ ਤੋਂ ਇਲਾਵਾ ਸਾਰੇ ਭੈਣ-ਭਰਾ ਆਪੋ ਆਪਣੀ ਥਾਂ 'ਤੇ ਸੈੱਟ ਸਨ। ਗੁਰਜੀਤ ਆਪਣੇ ਮਾਤਾ- ਪਿਤਾ ਦੀ ਸੇਵਾ ਵਿਚ ਮਸ਼ਰੂਫ਼ ਸੀ। ਉਹ ਕਈ ਵਾਰ ਸੋਚਦੀ ਕਿ ਜੇਕਰ ਮਾਪਿਆਂ ਵੱਲੋਂ ਬੱਚਿਆਂ ਨੂੰ ਬਚਪਨ ਤੋਂ ਹੀ ਨੈਤਿਕ ਕਦਰਾਂ-ਕੀਮਤਾਂ ਦੀ ਅਹਿਮੀਅਤ ਸਮਝਾਈ ਹੋਵੇ ਤਾਂ ਉਹ ਵੱਡੇ ਹੋ ਕੇ ਕਦੇ ਵੀ ਰਿਸ਼ਤਿਆਂ ਦਾ ਘਾਣ ਨਹੀਂ ਕਰਦੇ। ਵਿਦੇਸ਼ ਬੰਨੇ ਗੁਰਮੇਹਰ ਦੇ ਮਨ ਵਿਚ ਆਪਣੇ-ਆਪ ਹੀ ਕੋਈ ਖਿਆਲ ਆਇਆ ਜਾਂ ਪਿੰਡੋਂ ਕਿਸੇ ਨੇ ਇਹ ਵਹਿਮ ਪਾ ਦਿੱਤਾ ਕਿ ਘਰ ਰਹਿੰਦੀ ਤੇਰੀ ਵੱਡੀ ਭੈਣ ਜੋ ਤੇਰੇ ਪਿਤਾ ਦੀ ਪੈਨਸ਼ਨ ਤਾਂ ਖਾ ਪੀ ਰਹੀ ਹੈ, ਉਹ ਤੁਹਾਡੀ ਜਾਇਦਾਦ ਵੀ ਆਪਣੇ ਨਾਮ ਕਰਵਾ ਸਕਦੀ ਹੈ ਜਦ ਕਿ ਗੁਰਜੀਤ ਆਪਣਾ ਗੁਜ਼ਾਰਾ ਕਿਸੇ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਕੇ ਕਰ ਰਹੀ ਸੀ। ਪਿਤਾ ਜੀ ਦੀ ਆਉਂਦੀ ਪੈਨਸ਼ਨ ਉਹ ਆਪ ਹੀ ਮੈਨਜ਼ ਕਰਦੇ ਸਨ। ਓਧਰ ਗੁਰਮੇਹਰ ਨੇ ਕੈਨੇਡਾ ਵਿਚ ਆਪਣੀ ਮਰਜ਼ੀ ਨਾਲ ਇਕ ਗੋਰੀ ਨਾਲ ਵਿਆਹ ਵੀ ਕਰਵਾ ਲਿਆ ਹੋਇਆ ਸੀ ਜੋ ਭਾਰਤੀ ਕਲਚਰ ਤੋਂ ਬਿਲਕੁਲ ਅਣਜਾਣ ਸੀ ਉਸ ਨੇ ਤਾਂ ਉਸ ਨੂੰ ਸਮਝਾਉਣਾ ਹੀ ਕੀ ਸੀ! ਜਿਨ੍ਹਾਂ ਦੇ ਆਪਣੇ ਰਿਸ਼ਤਿਆਂ ਦੀ ਕੋਈ ਬੁਨਿਆਦ ਅਤੇ ਮੁਨਿਆਦ ਨਹੀਂ ਸੀ। ਗੁਰਮੇਹਰ ਕੁਝ ਸਮੇਂ ਵਿਚ ਹੀ ਛੁੱਟੀ ਲੈ ਕੇ ਪਿੰਡ ਆ ਗਿਆ। ਉਸ ਨੇ ਆਉਂਦਿਆਂ ਹੀ ਪਿਤਾ ਜੀ ਤੇ ਦਬਾਅ ਬਣਾ ਦਿੱਤਾ ਕਿ ਉਹ ਸਾਰੀ ਜ਼ਮੀਨ ਵੇਚ ਕੇ ਉਸ ਨੂੰ ਪੈਸੇ ਦੇ ਦੇਵੇ ਕਿਉਂਕਿ ਉਸ ਨੇ ਕਨੈਡਾ ਵਿਚ ਆਪਣਾ ਘਰ ਖਰੀਦਣਾ ਹੈ। ਕੁਝ ਵਿਰੋਧ ਕਰਨ ਤੋਂ ਬਾਅਦ ਮਜ਼ਬੂਰ ਹੋ ਕੇ ਪਿਤਾ ਨੇ ਹਿੱਸੇ ਆਉਂਦੀ ਚਾਰ ਕਿੱਲੇ ਜ਼ਮੀਨ ਵੇਚ ਦਿੱਤੀ ਅਤੇ ਪੈਸੇ ਗੁਰਮੇਹਰ ਦੇ ਹੱਥ ਦੇ ਦਿੱਤੇ। ਹੁਣ ਗੁਰਮੇਹਰ ਦੀ ਅੱਖ ਘਰ 'ਤੇ ਸੀ ਕਿ ਕਿਸੇ ਤਰ੍ਹਾਂ ਘਰ ਵੀ ਵੇਚ ਦਿੱਤਾ ਜਾਵੇ। ਉਸ ਨੇ ਆਪਣੇ ਸ਼ਰੀਕੇ ਨਾਲ ਗਿਟ-ਮਿਟ ਕਰ ਕੇ ਇਹ ਤਰਕ ਦੇਣਾ ਸ਼ੁਰੂ ਕਰ ਦਿੱਤਾ ਕਿ ਉਸ ਕੋਲੋਂ ਵਾਰ-ਵਾਰ ਪੰਜਾਬ ਨਹੀਂ ਆਇਆ ਜਾਂਦਾ ਸੋ ਤਾਏ ਦਾ ਮੁੰਡਾ ਘਰ ਦੇ ਚੰਗੇ ਪੈਸੇ ਦੇ ਰਿਹਾ ਹੈ ਇਸ ਨੂੰ ਵੀ ਸੇਲ ਕਰ ਦੇਵੋ, ਮੈਂ ਤੁਹਾਨੂੰ ਨੇੜੇ ਹੀ ਕਿਰਾਏ 'ਤੇ ਇਕ ਕਮਰਾ ਲੱਭ ਦਿੰਦਾ ਹਾਂ। ਤੁਹਾਨੂੰ ਦੋਵਾਂ ਨੂੰ ਰਹਿਣ ਲਈ ਇਕ ਕਮਰਾ ਹੀ ਕਾਫੀ ਹੈ। ਗੁਰਜੀਤ ਆਪਣਾ ਆਪ ਸੋਚੇ, ਅਸੀਂ ਸਾਰੀ ਉਮਰ ਇਸ ਦਾ ਕੋਈ ਠੇਕਾ ਥੋੜਾ ਲਿਆ ਹੋਇਆ ਏ। ਉਸ ਦੀ ਸੋਚ ਸੀ ਕਿ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਉਸ ਨੂੰ ਕਦੇ ਪੰਜਾਬ ਆਉਣਾ ਹੀ ਨਾ ਪਵੇ। ਬੇਵੱਸ ਮਾਪਿਆਂ ਨੂੰ ਧੱਕੇ ਨਾਲ ਕਮਰਾ ਕਿਰਾਏ ਤੇ ਲੈ ਕੇ ਅਤੇ ਦੋਵਾਂ ਨੂੰ ਉੱਥੇ ਸੁੱਟ ਕੇ ਕੁਝ ਦਿਨਾਂ ਹੀ ਗੁਰਮੇਹਰ ਕੈਨੇਡਾ ਵਾਪਸ ਮੁੜ ਗਿਆ। ਗੁਰਜੀਤ ਘਰੋਂ ਬਾਹਰ ਹੋ ਗਈ ਸੀ।

ਉਸ ਕੋਲ ਰਹਿਣ ਲਈ ਹੁਣ ਕੋਈ ਜਗ੍ਹਾ ਨਹੀਂ ਸੀ। ਕੁਝ ਸਮਾਂ ਉਸ ਨੇ ਆਪਣੀ ਸਹੇਲੀ ਦੇ ਘਰ ਗੁਜ਼ਾਰਿਆ ਸਹੇਲੀ ਨੇ ਹੀ ਉਸ ਨੂੰ ਇਕ ਐਸੇ ਇਨਸਾਨ ਨਾਲ ਮਿਲਾਇਆ ਜੋ ਉਸ ਦੇ ਵਾਂਗ ਹੀ ਬਿਨਾਂ ਮੰਜ਼ਿਲ ਤੋਂ ਲੰਮੇ ਸਫ਼ਰ 'ਤੇ ਸੀ। ਇਕ-ਦੋ ਮੁਲਾਕਾਤਾਂ ਵਿਚ ਹੀ ਉਨ੍ਹਾਂ ਦੀਆਂ ਖੁਸ਼ੀਆਂ- ਗਮੀਆਂ ਦਾ ਆਦਾਨ-ਪ੍ਰਦਾਨ ਗਿਆ। ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਪਏ। ਗੁਰਜੀਤ ਨੇ ਜਦੋਂ ਆਪਣੇ ਮਾਤਾ-ਪਿਤਾ ਅਤੇ ਭੈਣਾਂ ਨਾਲ ਇਹ ਸਾਰੀ ਗੱਲ ਸਾਂਝੀ ਕੀਤੀ ਤਾਂ ਸਾਰੇ ਹੀ ਗੁਰਜੀਤ ਦੇ ਇਸ ਫੈਸਲੇ 'ਤੇ ਬਹੁਤ ਖੁਸ਼ ਹੋਏ। ਸਾਰੇ ਪਰਿਵਾਰ ਦੀ ਸਹਿਮਤੀ ਲੈ ਕੇ ਉਹ ਇਕ-ਦੂਜੇ ਦੇ ਹੋ ਗਏ। ਸ਼ਮਿੰਦਰ ਨੇ ਸੁਰਜੀਤ ਨੂੰ ਏਥੋਂ ਤੱਕ ਵੀ ਕਹਿ ਦਿੱਤਾ "ਅਗਰ ਤੂੰ ਕੋਰਟ ਦੇ ਦਿੱਤੇ ਫੈਸਲੇ ਅਨੁਸਾਰ ਆਪਣੇ ਬੇਟੇ ਨੂੰ ਮਿਲਦਾ ਚਾਹੇਂ ਤਾਂ ਮੈਂ ਇਸ ਵਿਚ ਤੇਰੀ ਮਦਦ ਵੀ ਕਰ ਸਕਦਾ ਹਾਂ।" ਸ਼ਮਿੰਦਰ ਦੀ ਭਾਵਨਾ ਦਾ ਸਤਿਕਾਰ ਕਰਦਿਆਂ ਗੁਰਜੀਤ ਨੇ ਕਿਹਾ ਸਮਿੰਦਰ, ਪਿੰਡ ਆਏ ਦਰਮ ਨੂੰ ਉਚੇੜਨਾ ਕੋਈ ਸਿਆਣੀ ਗੱਲ ਨਹੀਂ ਹੁੰਦੀ, ਉਸ ਦਾ ਪਿਤਾ ਉਸਦੀ ਪੂਰੀ ਦੇਖ-ਰੇਖ ਕਰ ਰਿਹਾ ਹੋਵੇਗਾ ਬਾਕੀ ਉਹ ਪਰਮਾਤਮਾ ਸਭ ਦਾ ਹੀ ਹੈ ਉਹ ਜੋ ਕਰ ਰਿਹਾ ਹੈ ਸਭ ਠੀਕ ਹੀ ਕਰ ਰਿਹਾ ਹੈ। ਸੁਰਜੀਤ ਸ਼ਮਿੰਦਰ ਨੂੰ ਨਾਲ ਲੈ ਕੇ ਜਦੋਂ ਵੀ ਆਪਣੇ ਮਾਤਾ- ਪਿਤਾ ਕੋਲ ਜਾਂਦੀ ਉਹ ਬਹੁਤ ਖੁਸ਼ ਹੁੰਦੇ। ਸ਼ਮਿੰਦਰ ਵੀ ਸੱਸ-ਸਹੁਰੇ ਨੂੰ ਮਾਤਾ-ਪਿਤਾ ਵਰਗਾ ਸਤਿਕਾਰ ਦੇਂਦਾ। ਗੁਰਜੀਤ ਕਦੇ-ਕਦੇ ਉੱਥੇ ਹੀ ਰੁਕ ਜਾਂਦੀ ਕਿਉਂਕਿ ਮਾਤਾ-ਪਿਤਾ ਦੀ ਬਿਰਧ ਅਵਸਥਾ ਹੋਣ ਕਰਕੇ ਹੁਣ ਜ਼ਿਆਦਾਤਰ ਬਿਮਾਰ ਹੀ ਰਹਿੰਦੇ ਸਨ। ਇਕ ਦਿਨ ਗੁਰਜੀਤ ਰਾਤ ਉੱਥੇ ਹੀ ਰੁਕੀ ਹੋਈ ਸੀ ਕਿ ਮਾਂ ਰਾਤ ਨੂੰ ਅਚਾਨਕ ਬਹੁਤ ਬਿਮਾਰ ਹੋ ਗਈ ਜਿਸ ਦੀ ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿਚ ਹੀ ਮੌਤ ਹੋ ਗਈ।ਉਸ ਦੇ ਪਿਤਾ ਜੀ ਦਾ ਰੋ-ਰੋ ਕੇ ਬਹੁਤ ਬੁਰਾ ਹਾਲ ਸੀ ਕਿਉਂਕਿ ਜੀਵਨ ਸਾਥਣ ਦੇ ਸਾਥ ਤੋਂ ਬਿਨਾਂ ਉਸਦਾ ਜੀਣਾ ਮੁਸ਼ਕਿਲ ਹੀ ਨਹੀਂ ਨਾ ਮੁਮਕਿਨ ਜਿਹਾ ਸੀ।

ਗੁਰਜੀਤ ਨੇ ਗੁਰਮੇਹਰ ਅਤੇ ਹਰਲੀਨ ਨੂੰ ਵਿਦੇਸ਼ ਵਿਚ ਟੈਲੀਫ਼ੋਨ ਰਾਹੀਂ ਸੁਨੇਹੇ ਲਗਾਏ ਗਏ ਜਿਸ 'ਤੇ ਪਹਿਲਾਂ ਤੋਂ ਮੇਰੇ ਮੁਤਾਬਿਕ ਗੁਰਮੇਹਰ ਨੇ ਕਿਹਾ ਕਿ ਉਹ ਨਹੀਂ ਆ ਸਕਦਾ ਪਰ ਹਰਲੀਨ ਆਪਣੇ ਪਤੀ ਨਾਲ ਪਹੁੰਚ ਗਈ। ਅੰਤਿਮ ਰਸਮਾਂ ਚਾਰਾਂ ਭੈਣਾਂ ਅਤੇ ਸ਼ਮਿੰਦਰ ਨੇ ਆਪਣੀ ਪਹੁੰਚ ਅਨੁਸਾਰ ਨਿਭਾਈਆਂ। ਹੁਣ ਪਿਤਾ ਜੀ ਨੂੰ ਇਕੱਲੇ ਛੱਡਣਾ ਕਦਾਚਿਤ ਠੀਕ ਨਹੀਂ ਬਣਦਾ ਸੀ। ਗੁਰਜੀਤ ਦੀਆਂ ਭੈਣਾਂ ਅਤੇ ਜੀਜਿਆਂ ਨੇ ਪਿਤਾ ਜੀ ਨੇ ਆਪਣੇ ਕੋਲ ਲਿਜਾਣ ਦੀ ਜ਼ਿੱਦ ਕੀਤੀ ਪਰ ਗੁਰਜੀਤ ਤੇ ਸ਼ਮਿੰਦਰ ਪਿਤਾ ਜੀ ਨੂੰ ਆਪਣੀ ਜ਼ਿੰਦਗੀ ਜੀਣ ਦਾ ਮਕਸਦ ਦੱਸ ਕੇ ਆਪਣੇ ਕੋਲ ਲੈ ਗਏ। ਜਿਵੇਂ ਪਾਣੀ ਬਿਨਾਂ ਮੱਛੀ ਜ਼ਿਆਦਾ ਦੇਰ ਜਿਊਂਦੀ ਨਹੀਂ ਰਹਿੰਦੀ ਠੀਕ ਉਸੇ ਤਰ੍ਹਾਂ ਗੁਰਜੀਤ ਦੇ ਪਿਤਾ ਜੀ ਵੀ ਦਿਨਾਂ ਵਿਚ ਹੀ ਆਪਣੀ ਜੀਵਨ-ਸਾਥਣ ਕੋਲ ਚਲੇ ਗਏ। ਪਿਤਾ ਦੀ ਮੌਤ ਦੀ ਇਤਲਾਹ ਵੀ ਗੁਰਮੇਹਰ ਨੂੰ ਦਿੱਤੀ ਗਈ ਪਰ ਉਹ ਤਾਂ ਪੰਜਾਬ ਆਏ ਤੋਂ ਹੀ ਮਾਪਿਆਂ ਦਾ ਕੰਮ ਮੁਕਾ ਕੇ ਗਿਆ ਹੋਇਆ ਸੀ। ਉਹ ਫਿਰ ਨਹੀਂ ਆਇਆ। ਵਿਦੇਸ਼ੀ ਭੈਣ ਤੇ ਜੀਜਾ ਮੈਂ ਅ ਕੁਝ ਦਿਨ ਪਹਿਲਾਂ ਹੀ ਆ ਕੇ ਗ ਸਨ, ਉਹ ਦੁਬਾਰਾ ਵਿਦੇਸ਼ ਤੋਂ ਮਹਿੰਗੀਆਂ ਟਿਕਟਾਂ ਖਰੀਦ ਕੇ ਪਿਤਾ ਜੀ ਦੇ ਆਖਰੀ ਦਰਸ਼ਨ ਕਰਨ ਲਈ ਆਏ। ਪਿਤਾ ਜੀ ਦੇ ਭੋਗ 'ਤੇ ਜਦੋਂ ਰਵਾਇਤ ਅਨੁਸਾਰ ਰਸਮ ਪਗੜੀ ਲਈ ਭਾਈ ਜੀ ਨੇ ਪੁੱਤਰ ਦੇ ਸਿਰ 'ਤੇ ਪੱਗ ਰੱਖਣ ਲਈ ਕਿਹਾ ਤਾਂ ਗੁਰਦੁਆਰੇ ਵਿੱਚ ਹਾਜ਼ਰ ਲੋਕ ਓਦੋਂ ਹੈਰਾਨ ਰਹਿ ਗਏ ਜਦੋਂ ਗੁਰਜੀਤ ਦੀਆਂ ਹਾਜ਼ਰ ਭੈਣਾਂ ਅਤੇ ਜੀਜਿਆਂ ਨੇ ਸ਼ਮਿੰਦਰ ਦੇ ਸਿਰ 'ਤੇ ਪੱਗ ਰੱਖ ਦਿੱਤੀ ਅਤੇ ਨਾਲ ਹੀ ਉੱਚੀ ਆਵਾਜ਼ ਵਿਚ ਇਹ ਵੀ ਬੋਲ ਦਿੱਤਾ ਕਿ ਜ਼ਰੂਰੀ ਨਹੀਂ ਕਿ ਖ਼ੂਨ ਦੇ ਰਿਸ਼ਤੇ ਹੀ ਵਾਰਸ ਹੁੰਦੇ ਹਨ, ਕਦੇ-ਕਦੇ ਨੈਤਿਕ ਕਦਰਾਂ-ਕੀਮਤਾਂ ਨੂੰ ਸਮਰਪਿਤ ਹੋ ਕੇ ਵੀ ਰਿਸ਼ਤੇ ਨਿਭਾਏ ਅਤੇ ਪੁਗਾਏ ਜਾਂਦੇ ਹਨ। ਅੱਜ ਜਦੋਂ ਗੁਰਜੀਤ ਆਪਣੇ ਫੌਜੀ ਅਕਸਰ ਪਿਤਾ ਦੀ ਤਸਵੀਰ ਦੇਖਦੀ ਹੈ ਤਾਂ ਉਸ ਨੂੰ ਕਦੇ-ਕਦੇ ਆਪਣੇ ਪਿਤਾ 'ਤੇ ਮਲਾਲ ਵੀ ਆਉਂਦਾ ਹੈ ਕਿ ਆਪਣੀਆਂ ਧੀਆਂ ਨੂੰ ਸਦਾ ਨੈਤਿਕਤਾ, ਸਦਾਚਾਰ ਆਚਰਨ, ਸਿੱਦਕ ਅਤੇ ਭਰੋਸੇ ਦੇ ਪਾਠ ਪੜਾਉਣ ਵਾਲਾ ਇਕ ਫੌਜੀ ਪਿਤਾ ਆਪਣੇ ਇਕ ਪੁੱਤਰ ਨੂੰ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਕਦਰਾਂ-ਕੀਮਤਾਂ ਦਾ ਪਾਠ ਕਿਉਂ ਨਾ ਪੜਾ ਸਕਿਆ। ਕਾਸ਼ ਇੰਝ ਨਾ ਹੁੰਦਾ।'

**ਪ੍ਰਤਾਪ ਪਾਰਸ**

# ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨਾ ਸਮੇਂ ਦੀ ਲੋੜ

ਮਨੁੱਖੀ ਗ਼ਲਤੀਆਂ ਕਾਰਨ ਧਰਤੀ 'ਤੇ ਵਧਦਾ ਪ੍ਰਦੂਸ਼ਣ ਬੇਹੱਦ ਗੰਭੀਰ ਰੂਪ ਧਾਰਨ ਕਰ ਚੁੱਕਿਆ ਹੈ। ਮੌਜੂਦਾ ਸਮੇਂ ਵਧਦਾ ਤਾਪਮਾਨ ਪੂਰੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪਾਣੀ ਦੇ ਸੰਕਟ ਦਾ ਖ਼ਮਿਆਜ਼ਾ ਮਨੁੱਖੀ ਜੀਵਾਂ ਦੇ ਨਾਲ-ਨਾਲ ਜੀਵ-ਜੰਤੂ ਅਤੇ ਜੰਗਲ ਵੀ ਭੁਗਤ ਰਹੇ ਹਨ। ਅੱਜ ਤੋਂ 50 ਸਾਲ ਪਹਿਲਾਂ ਜਦੋਂ ਜਲ, ਜੰਗਲ, ਜ਼ਮੀਨ ਅਤੇ ਹਵਾ ਵੱਧ ਪ੍ਰਦੂਸ਼ਿਤ ਹੋਣ ਲੱਗੇ ਤਾਂ ਸੰਯੁਕਤ ਰਾਸ਼ਟਰ ਨੇ ਵਿਸ਼ਵ ਵਿਚ ਵਾਤਾਵਰਨ ਪ੍ਰਦੂਸ਼ਣ ਦੇ ਪੈ ਰਹੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਪੰਜ ਜੂਨ 1974 ਨੂੰ ਪਹਿਲੀ ਵਾਰ 'ਵਿਸ਼ਵ ਵਾਤਾਵਰਨ ਦਿਵਸ' ਵਜੋਂ ਮਨਾਉਣ ਦੀ ਸ਼ੁਰੂਆਤ ਕੀਤੀ। ਵਿਸ਼ਵ ਦੇ 143 ਤੋਂ ਵੱਧ ਦੇਸ਼ਾਂ ਦੀਆਂ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਹਰ ਸਾਲ ਪੰਜ ਜੂਨ ਨੂੰ ਵੱਖ-ਵੱਖ ਪ੍ਰੋਗਰਾਮ ਅਤੇ ਸਮਾਗਮ ਕਰ ਕੇ ਸਮਾਜ ਨੂੰ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕ ਕਰਨ ਦੇ ਉਪਰਾਲੇ ਕੀਤੇ ਜਾਂਦੇ ਹਨ। ਸੰਯੁਕਤ ਰਾਸ਼ਟਰ ਦੇ ਵਾਤਾਵਰਨ ਸੰਭਾਲ ਪ੍ਰੋਗਰਾਮ ਤਹਿਤ ਹਰ ਸਾਲ ਵਾਤਾਵਰਨ ਦਿਵਸ ਦਾ ਇਕ ਥੀਮ ਸਮੁੱਚੇ ਵਿਸ਼ਵ ਨੂੰ ਦਿੱਤਾ ਜਾਂਦਾ ਹੈ। ਸਾਲ 2025 ਲਈ ਥੀਮ 'ਧਰਤੀ ਨੂੰ ਪਲਾਸਟਿਕ ਪ੍ਰਦੂਸ਼ਣ ਤੋਂ ਮੁਕਤ ਕਰਨਾ' ਰੱਖਿਆ ਗਿਆ ਹੈ ਜਿਸ ਤਹਿਤ ਸਮਾਜ ਸੇਵੀ ਸੰਸਥਾਵਾਂ, ਵਾਤਾਵਰਨ ਪ੍ਰੇਮੀਆਂ ਅਤੇ ਵਿੱਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਪਲਾਸਟਿਕ ਪ੍ਰਦੂਸ਼ਣ ਕਾਰਨ ਧਰਤੀ ਮਾਂ ਦੀ ਵਿਗੜ ਚੁੱਕੀ ਸਿਹਤ ਨੂੰ ਤੰਦਰੁਸਤ ਕਰਨ ਲਈ ਚੇਤਨਤਾ ਪੈਦਾ ਕਰਨ ਦੇ ਯਤਨ ਕੀਤੇ ਜਾਣਗੇ ਅਤੇ ਧਰਤੀ ਨੂੰ ਪਲਾਸਟਿਕ ਪ੍ਰਦੂਸ਼ਣ ਤੋਂ ਮੁਕਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਸ ਥੀਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਵਾਤਾਵਰਨ ਪ੍ਰੇਮੀਆਂ ਵੱਲੋਂ ਕੀਤਾ ਜਾ ਰਿਹਾ ਹੈ।

ਬ੍ਰਹਿਮੰਡ ਦੇ ਸਮੂਹ ਗ੍ਰਹਿਆਂ ਵਿੱਚੋਂ ਧਰਤੀ ਸਭ ਤੋਂ ਉੱਤਮ ਅਤੇ ਕਿਸਮਤ ਵਾਲਾ ਗ੍ਰਹਿ ਮੰਨਿਆ ਜਾਂਦਾ ਹੈ ਕਿਉਂਕਿ ਸਾਡੇ ਗਿਆਨ ਮੁਤਾਬਕ ਸਿਰਫ਼ ਧਰਤੀ ਉੱਪਰ ਹੀ ਸੁਚੱਜਾ ਜੀਵਨ ਸੰਭਵ ਹੈ। ਇੱਥੇ ਜ਼ਿੰਦਗੀ ਬਹੁਤ ਹੀ ਸੁਚਾਰੂ ਢੰਗ ਨਾਲ ਵਿਕਸਤ ਹੋਈ ਹੈ, ਚਾਹੇ ਉਹ ਮਨੁੱਖੀ ਜ਼ਿੰਦਗੀ ਦੇ ਰੂਪ ਵਿਚ ਹੋਵੇ, ਪਸ਼ੂ ਪੰਛੀਆਂ, ਪੇੜ ਪੌਦੇ, ਸੂਖਮ ਜੀਵਾਂ ਜਾਂ ਸਮੁੰਦਰੀ ਜੀਵਾਂ ਦੀ ਜ਼ਿੰਦਗੀ ਹੋਵੇ। ਮਨੁੱਖੀ ਜੀਵਨ ਇਸ ਧਰਤੀ ਉੱਪਰ ਕੁਦਰਤ ਦਾ ਸਭ ਤੋਂ ਵੱਡਾ ਤੋਹਫ਼ਾ ਹੈ। ਅੱਜ ਤੋਂ ਸੈਂਕੜੇ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਾਤਾਵਰਨ ਨੂੰ ਮਹੱਤਤਾ ਦਿੰਦੇ ਹੋਏ ਆਪਣੀ ਬਾਣੀ ਵਿਚ ਪਵਨ ਅਰਥਾਤ ਹਵਾ ਨੂੰ ਗੁਰੂ ਦਾ ਦਰਜਾ ਦਿੱਤਾ ਹੈ, ਪਾਣੀ ਨੂੰ ਪਿਤਾ ਅਰਥਾਤ ਸਭ ਜੀਵਾਂ ਦਾ ਜਨਮਦਾਤਾ ਤੇ ਧਰਤੀ ਨੂੰ ਮਾਂ ਦੱਸਿਆ ਹੈ।

ਪਰ ਅੱਜ ਦੇ ਤਰੱਕੀ ਦੇ ਮੁਰੀਦ ਮਨੁੱਖ ਨੇ ਹਵਾ ਨੂੰ ਇਸ ਕਦਰ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਅੱਜ ਮਨੁੱਖ ਦਾ ਆਪਣਾ ਤਾਂ ਕੀ, ਜੀਵ-ਜੰਤੂਆਂ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਹਵਾ 'ਚ ਨਾਈਟ੍ਰੋਜਨ ਆਕਸਾਈਡ, ਸਲਫਰ ਡਾਈਆਕਸਾਈਡ, ਕਾਰਬਨ ਡਾਈਆਕਸਾਈਡ ਤੇ ਕਲੋਰੋ-ਫਲੋਰੋ ਕਾਰਬਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਦੀ ਵਧਦੀ ਮਾਤਰਾ ਕਾਰਨ ਨਜ਼ਲਾ, ਜ਼ੁਕਾਮ, ਖਾਂਸੀ, ਦਮਾ ਰੋਗ ਤੇ ਅੱਖਾਂ ਦੇ ਅਨੇਕ ਗੰਭੀਰ ਰੋਗਾਂ ਤੋਂ ਲੋਕ ਪੀੜਤ ਹੋ ਰਹੇ ਹਨ। ਸਿਹਤ ਨਾਲ ਸਬੰਧਤ ਖੋਜਾਂ ਅਨੁਸਾਰ ਭਾਰਤ 'ਚ ਬੱਚਿਆਂ 'ਚ ਸਾਹ ਤੇ ਦਮੇ ਦੀਆਂ ਬਿਮਾਰੀਆਂ ਦੇ ਮਰੀਜ਼ ਲਗਾਤਾਰ ਵਧ ਰਹੇ ਹਨ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਦੀ ਅਰੋਗਤਾ ਨੂੰ ਬਹੁਤ ਵੱਡਾ ਧੱਕਾ ਲੱਗਿਆ ਹੈ।

ਧਰਤੀ 'ਤੇ ਪਾਣੀ ਨੂੰ ਅੱਜ ਦੋਹਰੀ ਮਾਰ ਪੈ ਰਹੀ ਹੈ। ਪਹਿਲਾਂ ਪਾਣੀ ਦੇ ਪੱਧਰ ਦਾ ਲਗਾਤਾਰ ਨੀਵਾਂ ਜਾਣਾ ਅਤੇ ਦੂਸਰਾ, ਮੌਜੂਦ ਪਾਣੀ ਪ੍ਰਦੂਸ਼ਿਤ ਹੋਣਾ। ਕਹਿਣ ਨੂੰ ਤਾਂ ਧਰਤੀ ਦਾ 75% ਭਾਗ ਪਾਣੀ ਹੈ ਪਰ ਅਸਲ 'ਚ ਸਿਰਫ਼ 0.007% ਪਾਣੀ ਹੀ ਪੀਣਯੋਗ ਹੈ ਕਿਉਂਕਿ ਪਾਣੀ ਦਾ 97.5% ਖਾਰਾ (ਸਮੁੰਦਰ) ਹੈ। ਸਿਰਫ ਬਾਕੀ ਰਹਿ ਗਿਆ 2.5% ਪਾਣੀ ਵਰਤੋਂ ਯੋਗ ਹੈ। ਉਸ ਵਿੱਚੋਂ ਵੀ 70% ਬਰਫ਼ ਦੇ ਰੂਪ ਵਿਚ ਹੈ ਅਤੇ 29.003 % ਪਾਣੀ ਮਿੱਟੀ ਵਿਚ ਨਮੀ ਦੇ ਰੂਪ ਵਿਚ ਧਰਤੀ ਦੇ ਹੇਠਲੇ ਭੰਡਾਰ ਵਿਚ ਹੈ। ਵਰਤੋਂ ਯੋਗ ਪਾਣੀ ਨੂੰ ਵੀ ਫੈਕਟਰੀਆਂ ਦੇ ਪ੍ਰਦੂਸ਼ਿਤ ਪਾਣੀ ਅਤੇ ਸੀਵਰੇਜ ਦੀ ਨਿਕਾਸੀ ਆਦਿ ਕਾਰਨਾਂ ਕਰ ਕੇ ਗੰਗਾ ਵਰਗੀ ਪਵਿੱਤਰ ਨਦੀ ਜੋ ਗੋਮੁੱਖ ਨਾਂ ਦੇ ਸਥਾਨ ਤੋਂ ਨਿਕਲ ਕੇ ਬੰਗਾਲ ਦੀ ਖਾੜੀ ਤਾਂ ਦੂਰ, ਕਾਨਪੁਰ ਤੱਕ ਪਹੁੰਚਦੀ ਹੋਈ ਇਕ ਖੁੱਲ੍ਹੇ ਸੀਵਰ ਦਾ ਰੂਪ ਧਾਰਨ ਕਰ ਜਾਂਦੀ ਹੈ। ਦੇਸ਼ ਦੇ ਬਾਕੀ ਦਰਿਆਵਾਂ ਦਾ ਹਾਲ ਤਾਂ ਇਸ ਤੋਂ ਵੀ ਮਾੜਾ ਹੈ। ਪੰਜਾਬ ਜਿਸ ਨੂੰ ਪੰਜ ਆਬ ਯਾਨੀ ਪੰਜ ਪਾਣੀਆਂ ਦੀ ਧਰਤੀ ਕਿਹਾ ਜਾਂਦਾ ਹੈ, ਇਸ ਦਾ ਸਭ ਤੋਂ ਵੱਡਾ ਦਰਿਆ ਸਤਲੁਜ ਜਦੋਂ ਤਿੱਬਤ ਵਿੱਚੋਂ ਮਾਨਸਰੋਵਰ ਦੇ ਨੇੜੇ ਰਾਕਸ਼ਸਤਾਲ ਝੀਲ ਤੋ ਸ਼ੁਰੂ ਹੋ ਕੇ ਸ਼ਿਪਾਕੀ ਦੱਰੇ ਵਿੱਚੋਂ ਲੰਘ ਕੇ ਭਾਰਤ 'ਚ ਦਾਖ਼ਲ ਹੁੰਦਾ ਹੈ ਤਾਂ ਬੇਹੱਦ ਸਾਫ਼ ਅਤੇ ਨੀਲੇ ਰੰਗ ਦਾ ਹੁੰਦਾ ਹੈ ਪਰ ਜਦੋਂ ਪੰਜਾਬ ਵਿੱਚੋਂ ਲੰਘਦਾ ਹੋਇਆ ਹੁਸੈਨੀਵਾਲਾ (ਫਿਰੋਜ਼ਪੁਰ) ਦੇ ਨਜ਼ਦੀਕ ਪਾਕਿਸਤਾਨ ਵਾਲੇ ਪਾਸੇ ਦਾਖ਼ਲ ਹੋ ਜਾਂਦਾ ਹੈ ਤਾਂ ਇਸ ਦਾ ਰੰਗ ਕਾਲਾ, ਬੇਹੱਦ ਪ੍ਰਦੂਸ਼ਿਤ ਅਤੇ ਬਦਬੂ ਵਾਲਾ ਹੋ ਜਾਂਦਾ ਹੈ। ਇਸ ਦੇ ਕੰਢੇ ਵਸੇ ਲੋਕ ਕੈਂਸਰ, ਕਾਲਾ ਪੀਲੀਆ, ਕਿਡਨੀਆਂ ਦੇ ਰੋਗਾਂ ਤੇ ਅਨੇਕ ਲਾਇਲਾਜ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦੇ 146 ਬਲਾਕਾਂ ਵਿੱਚੋਂ ਲਗਪਗ 110 ਡਾਰਕ ਜ਼ੋਨ ਵਿਚ ਜਾ ਚੁੱਕੇ ਹਨ ਜੋ ਬੇਹੱਦ ਚਿੰਤਾ ਦਾ ਵਿਸ਼ਾ ਹੈ।

ਧਰਤੀ, ਜਿਸ ਨੂੰ ਅਸੀਂ ਮਾਂ ਦਾ ਦਰਜਾ ਦਿੰਦੇ ਹਾਂ, ਅੱਜ ਸਾਨੂੰ ਖਾਣ ਲਈ ਜ਼ਹਿਰੀਲੀਆਂ ਫ਼ਸਲਾਂ ਪੈਦਾ ਕਰ ਕੇ ਦੇ ਰਹੀ ਹੈ। ਉਸ ਦਾ ਮੁੱਖ ਕਾਰਨ ਕੀੜੇਮਾਰ ਦਵਾਈਆਂ, ਨਦੀਨਨਾਸ਼ਕ, ਰਸਾਇਣਕ ਖਾਦਾਂ, ਉਦਯੋਗਿਕ ਫਾਲਤੂ ਵਸਤਾਂ, ਰੇਡੀਓ ਐਕਟਿਵ ਪਦਾਰਥ ਆਦਿ ਹਨ ਜਿਸ ਕਾਰਨ ਸਾਡੀ ਖ਼ੁਰਾਕ ਲੜੀ ਨੂੰ ਵੱਡੀ ਢਾਹ ਲੱਗੀ ਹੈ। ਅੱਜ ਵਾਤਾਵਰਨ ਦੀ ਹਾਲਤ ਇਹ ਹੋ ਗਈ ਹੈ ਕਿ ਧਰਤੀ ਉੱਪਰ ਜਾਣੀਆਂ-ਪਛਾਣੀਆਂ 17 ਲੱਖ ਨਸਲਾਂ, ਜੀਵਾਂ 'ਚੋਂ ਅਨੇਕ ਨਸਲਾਂ ਤੇ ਜੀਵ ਵਾਤਾਵਰਨ ਪ੍ਰਦੂਸ਼ਣ ਕਾਰਨ ਖ਼ਤਮ ਹੋ ਰਹੇ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦਾ ਅਰਬਾਂ ਰੁਪਏ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ ਉੱਪਰ ਖ਼ਰਚ ਕੀਤਾ ਜਾ ਰਿਹਾ ਹੈ। ਪ੍ਰਦੂਸ਼ਣ ਕਾਰਨ ਵਧਦਾ ਤਾਪਮਾਨ ਇਕ ਵਿਸ਼ਵ-ਵਿਆਪੀ ਸਮੱਸਿਆ ਬਣ ਚੁੱਕਿਆ ਹੈ। ਜੇ ਆਲਮੀ ਤਪਸ਼ ਇਸੇ ਰਫ਼ਤਾਰ ਨਾਲ ਵਧਦੀ ਗਈ ਤਾਂ ਗਲੇਸ਼ੀਅਰ ਖ਼ਤਮ ਹੋ ਜਾਣਗੇ, ਸਮੁੰਦਰਾਂ ਵਿਚ ਪਾਣੀ ਵਧ ਜਾਵੇਗਾ ਜੋ ਸਮੁੰਦਰ ਕੰਢੇ ਵਸਦੇ ਕਰੋੜਾਂ ਲੋਕਾਂ ਲਈ ਖ਼ਤਰੇ ਦੀ ਘੰਟੀ ਹੋਵੇਗਾ।

ਵਧਦੀ ਜਨਸੰਖਿਆ ਪ੍ਰਦੂਸ਼ਣ ਵਧਣ ਦਾ ਸਭ ਤੋਂ ਵੱਡਾ ਕਾਰਨ ਹੈ। ਮੋਟਰ ਵਾਹਨਾਂ ਨੇ ਜਿੱਥੇ ਮਨੁੱਖੀ ਜੀਵਨ ਨੂੰ ਤੇਜ਼ ਬਣਾਇਆ ਅਤੇ ਅਨੇਕ ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਹੀ ਇਨ੍ਹਾਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਸਦਕਾ ਲੋਕਾਂ ਨੂੰ ਅਨੇਕ ਭਿਅੰਕਰ ਬਿਮਾਰੀਆਂ ਹੋ ਰਹੀਆਂ ਹਨ। ਵਧਦੇ ਸ਼ਹਿਰੀਕਰਨ ਕਾਰਨ ਫਾਲਤੂ ਕੂੜਾ-ਕਰਕਟ, ਗੰਦਗੀ, ਪਲਾਸਟਿਕ ਪਦਾਰਥ ਤੇ ਵਿਸ਼ੇਸ਼ ਤੌਰ 'ਤੇ ਪੋਲੀਥੀਨ ਦੇ ਲਿਫ਼ਾਫ਼ਿਆਂ ਦੇ ਢੇਰ ਜੋ ਜਲਦ ਨਸ਼ਟ ਨਹੀਂ ਹੁੰਦੇ, ਵਾਤਾਵਰਨ ਪ੍ਰਦੂਸ਼ਿਤ ਕਰਨ ਵਿਚ ਸਭ ਤੋਂ ਅੱਗੇ ਹਨ। ਏਅਰ ਕੰਡੀਸ਼ਨ ਚਲਾਉਣ 'ਤੇ ਨਿਕਲਣ ਵਾਲੀ ਕਲੋਰੋ-ਫਲੋਰੋ ਕਾਰਬਨ ਗੈਸ ਓਜ਼ੋਨ ਪਰਤ ਨੂੰ ਪਤਲਾ ਕਰਨ 'ਚ ਸਭ ਤੋਂ ਵੱਡੀ ਭੂਮਿਕਾ ਅਦਾ ਕਰ ਰਹੀ ਹੈ। ਓਜ਼ੋਨ ਪਰਤ ਦੇ ਪਤਲਾ ਹੋਣ ਕਾਰਨ ਮਨੁੱਖੀ ਅਰੋਗਤਾ ਨੂੰ ਬਹੁਤ ਵੱਡਾ ਝਟਕਾ ਲੱਗ ਰਿਹਾ ਹੈ ਤੇ ਅਨੇਕ ਲਾਇਲਾਜ ਬਿਮਾਰੀਆਂ ਲੱਗ ਰਹੀਆਂ ਹਨ। ਵੱਖ-ਵੱਖ ਥਾਵਾਂ 'ਤੇ ਲੱਗੇ ਵੱਡੇ ਸਪੀਕਰ, ਖ਼ੁਸ਼ੀ ਦੇ ਮੌਕੇ 'ਤੇ ਉੱਚੀ ਆਵਾਜ਼ ਵਿਚ ਚੱਲਦੇ ਡੀਜੇ ਸਿਸਟਮ, ਘਰਾਂ ਵਿਚ ਉੱਚੀ ਆਵਾਜ਼ ਵਿਚ ਚੱਲਦੇ ਟੈਲੀਵਿਜ਼ਨ ਤੇ ਮਿਊਜ਼ਿਕ ਸਿਸਟਮ ਅਤੇ ਵਾਹਨਾਂ 'ਤੇ ਲੱਗੇ ਪ੍ਰੈਸ਼ਰ ਹੌਰਨਾਂ ਕਾਰਨ ਜਿੱਥੇ ਸ਼ੋਰ ਪ੍ਰਦੂਸ਼ਣ ਵਧ ਰਿਹਾ ਹੈ, ਓਥੇ ਹੀ ਅਨੇਕ ਸਰੀਰਕ ਤੇ ਮਾਨਸਿਕ ਰੋਗ ਉਤਪੰਨ ਹੋ ਰਹੇ ਹਨ। ਪੜ੍ਹਾਈ ਕਰਦੇ ਬੱਚਿਆਂ, ਮਰੀਜ਼ਾਂ ਅਤੇ ਬਜ਼ੁਰਗਾਂ ਲਈ ਤਾਂ ਆਵਾਜ਼ ਪ੍ਰਦੂਸ਼ਣ ਬੇਹੱਦ ਨੁਕਸਾਨਦਾਇਕ ਸਾਬਿਤ ਹੋ ਰਿਹਾ ਹੈ। ਸਮਾਂ ਗੁਆਏ ਬਗ਼ੈਰ ਵਾਤਾਵਰਨ ਦੀ ਸੰਭਾਲ 'ਚ ਯੋਗਦਾਨ ਪਾਉਣ ਦੀ ਜ਼ਰੂਰਤ ਹੈ। ਅੱਜ ਅਸੀਂ ਘਰ ਅੰਦਰ ਆਉਂਦੀ ਧੂੜ-ਮਿੱਟੀ ਤੋਂ ਤਾਂ ਫ਼ਿਕਰਮੰਦ ਹਾਂ ਪਰ ਗੰਧਲੇ ਤੇ ਖ਼ਤਮ ਹੋ ਰਹੇ ਕੁਦਰਤੀ ਸੋਮਿਆਂ ਦੀ ਸਾਨੂੰ ਕੋਈ ਚਿੰਤਾ ਨਹੀਂ ਹੈ। ਜੇ ਵਾਤਾਵਰਨ ਦੀ ਹਾਲਤ ਇਹੀ ਰਹੀ ਅਤੇ ਅਸੀਂ ਨਾ ਸੰਭਲੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਅੱਗ ਦੀ ਭੱਠੀ 'ਚ ਸੜਨਗੀਆਂ। ਹੁਣ ਵਾਤਾਵਰਨ ਸਬੰਧੀ ਖ਼ਤਰੇ ਦੀ ਘੰਟੀ ਵੱਜ ਚੁੱਕੀ ਹੈ। ਅਜੇ ਵੀ ਸਮਾਂ ਹੈ ਕਿ ਅਸੀਂ ਵਾਤਾਵਰਨ ਨੂੰ ਸੰਭਾਲੀਏ। ਜ਼ਿਆਦਾ ਤੋਂ ਜ਼ਿਆਦਾ ਪੌਦੇ ਲਗਾਏ ਜਾਣ, ਪੋਲੀਥੀਨ ਦੇ ਲਿਫ਼ਾਫ਼ਿਆਂ ਦਾ ਪ੍ਰਯੋਗ ਨਾ ਹੋਵੇ, ਮੋਟਰ-ਗੱਡੀਆਂ 'ਤੇ ਵਿਸ਼ੇਸ਼ ਕਿਸਮ ਦੇ ਸਾਈਲੈਂਸਰ ਲਗਾਏ ਜਾਣ, ਲੈਡ ਰਹਿਤ ਪੈਟਰੋਲ ਦੀ ਵਰਤੋਂ ਕੀਤੀ ਜਾਵੇ ਤੇ ਕਾਰਖਨਿਆਂ ਵਿਚ ਵਿਸ਼ੇਸ਼ ਕਿਸਮ ਦੀਆਂ ਚਿਮਨੀਆਂ ਲੱਗਣ। ਵਾਤਾਵਰਨ ਦੀ ਸੰਭਾਲ ਸਬੰਧੀ ਕਾਨੂੰਨ ਤਾਂ ਸਾਡੇ ਦੇਸ਼ ਵਿਚ ਬਹੁਤ ਹਨ ਪਰ ਇਨ੍ਹਾਂ ਦਾ ਲਾਭ ਤਾਂ ਹੀ ਹੈ ਜੇ ਇਹ ਸਖ਼ਤੀ ਤੇ ਇਮਾਨਦਾਰੀ ਨਾਲ ਵੋਟਾਂ ਦੀ ਦਲਗਤ ਰਾਜਨੀਤੀ ਤੇ ਭਾਈ-ਭਤੀਜਾਵਾਦ ਤੋਂ ਉੱਪਰ ਉੱਠ ਕੇ ਲਾਗੂ ਕੀਤੇ ਜਾਣ। ਸਮੇਂ ਦੀ ਜ਼ਰੂਰਤ ਅਨੁਸਾਰ ਪਾਠਕ੍ਰਮ ਵਿਚ ਵਾਤਾਵਰਨ ਨੂੰ ਵਿਸ਼ੇਸ਼ ਸਥਾਨ ਦਿੱਤਾ ਜਾਵੇ। ਜੇ ਅਸੀਂ ਵਾਤਾਵਰਨ ਪ੍ਰਦੂਸ਼ਣ ਸਬੰਧੀ ਸੰਜੀਦਾ ਨਾ ਹੋਏ ਤਾਂ ਇਹ ਗੰਭੀਰ ਰੂਪ ਧਾਰ ਲਵੇਗਾ।

**ਡਾ. ਸਤਿੰਦਰ ਸਿੰਘ**

# ਬੀਤੇ ਦੀ ਬਾਤ ਹੋ ਗਈ ਗੁੱਡੀ ਫੂਕਣ ਦੀ ਪਰੰਪਰਾ

ਹਾੜ੍ਹ ਦੇ ਤਪਦੇ ਥਲਾਂ ਵਰਗੇ ਮਹੀਨੇ ਮਨੁੱਖ ਨੂੰ ਹੀ ਪਸ਼ੂ-ਪੰਛੀਆਂ ਨੂੰ ਵੀ ਤੜਪਾ ਤੇ ਲੂਹ ਛੱਡਦੇ। ਜਦੋਂ ਮੀਂਹ ਨਾ ਪੈਂਦਾ ਵਾਪਸ ਛਪੜੀਆਂ ਸੁੱਕ ਜਾਵੇ। ਗਾਵਾਂ-ਮੱਝਾਂ ਦੇ ਦੁੱਧ ਘਟ ਜਾਂਦੇ। ਪੰਛੀ ਰੁੱਖਾਂ ਤੋਂ ਬੇਹੋਸ਼ ਹੋਰ ਡਿੱਗਦੇ। ਇੰਦਰ ਦੇਵਤਾ ਦੀ ਕਰੋਪੀ ਦੇ ਸਤਾਏ ਲੋਕ ਤਰਾਹ- ਤਰਾਹ ਤੇ ਰੱਬ-ਰੱਬ ਕਰਦੇ। ਇਸ ਔਖੀ ਘੜੀ ਔਰਤਾਂ ਗੁੱਡੀ ਫੂਕਣ ਦੀ ਤਿਆਰੀ ਕਰਦੀਆਂ। ਉਹ ਸੋਚਦੀਆਂ ਕਿ ਮੁਟਿਆਰ ਕੁੜੀ ਦੀ ਮੌਤ 'ਤੇ ਰੱਬ ਜ਼ਰੂਰ ਰੋਵੇਗਾ। ਰੱਬ ਨੂੰ ਦੁਆਉਣ ਲਈ ਕੋਈ ਕਹਿਰ ਦੀ ਅਣਹੋਈ ਮੌਤ ਜ਼ਰੂਰੀ ਹੁੰਦੀ । ਉਦੋਂ ਅੱਜ ਵਾਂਗ ਦਿਨ-ਰਾਤ ਸੜਕ ਹਾਦਸੇ ਨਹੀਂ ਸਨ ਹੁੰਦੇ, ਜਿਨ੍ਹਾਂ ਵਿਚ ਜੁਆਨ ਉਮਰੇ ਮੌਤਾਂ ਹੁੰਦੀਆਂ। ਉਦੋਂ ਗੈਂਗਸਟਰ ਵੀ ਨਹੀਂ ਸੀ ਹੁੰਦੇ ਕਿ ਕੜੀ ਵਰਗੇ ਗੱਭਰੂ ਮਰਦੇ ਤੇ ਮਾਵਾਂ ਪੁੱਤਰਾਂ ਨੂੰ ਸਿਹ ਬੰਨ੍ਹ ਕੇ ਸਿਵਿਆਂ ਨੂੰ ਤੋਰਦੀਆਂ। ਉਸ ਸਮੇਂ ਕੋਈ ਨੂੰਹ-ਧੀ ਦਾਜ ਲਈ ਨਹੀਂ ਸੀ ਸਾੜੀ-ਮਾਧੀ ਜਾਂਦੀ, ਨਾਂ ਕਿਸੇ ਬਾਲੜੀ ਜਾਂ ਕੁੜੀ ਨੂੰ ਬੇਪੱਤੀ ਕਰ ਕੇ ਮੌਤ ਦੇ ਘਾਟ ਉਤਾਰਿਆ ਜਾਂਦਾ ਸੀ। ਸੋ ਰੱਬ ਨੂੰ ਆਉਣ ਲਈ ਤੇ ਉਹ ਨੂੰ ਧਰਮ-ਲੇਖਾ ਪਾਉਣ ਲਈ ਇਕ ਕਰਮ ਕੀਤਾ ਜਾਂਦਾ, ਉਹ ਸੀ ਗੁੱਡੀ ਫੂਕਣਾ। ਭਾਵ ਮੁਟਿਆਰ ਜੁਆਨ ਕੁੜੀ ਦੀ ਮੌਤ ਦਾ ਨਾਟਕ। ਰੱਥ ਨੂੰ ਰੁਆਉਣ ਲਈ ਤੇ ਮੱਧ ਪਵਾਉਣ ਲਈ ਪਿੰਡਾਂ ਵਿਚ ਅਕਸਰ ਹੀ ਗੱਡੀ ਦੁਕੀ ਜਾਂਦੀ। ਕਿਸੇ ਸ਼ਹਿਰ ਜਾਂ ਕਸਬੇ ਵਿਚ ਵੀ ਇਹ ਰੀਤ ਪੁਗਾਈ ਜਾਂਦੀ। ਇਹ ਧਾਰਨਾ ਬਣੀ ਰਹੀ ਕਿ ਗੁੱਡੀ ਫੂਕਣ ਤੋਂ ਥੋੜ੍ਹੀ-ਬਹੁਤੀ ਦੇਰ ਪਿੱਛੋਂ ਮੀਂਹ ਜ਼ਰੂਰ ਪੈਂਦਾ। ਮੁਟਿਆਰ ਦੀ ਅਣ ਹੋਈ ਤੇ ਦੇ ਵੈਣ ਸੁਣ ਕੇ ਰੱਬ ਵੀ ਰੋਂਦਾ । ਗੁੱਝੀ ਰਮਣ ਦੀ ਪਰੰਪਰਾ ਪਿੰਡਾਂ ਵਿਚ ਕਦੇ ਕਦਾਈ ਦੀ ਤਈ ਜਾਂਦੀ ਹੈ। ਗੁੱਡੀ ਦਾ ਅੰਤਿਮ ਸੰਸਕਾਰ ਕਰਨ ਤੋਂ ਪਹਿਲਾਂ ਪੂਰੀ ਤਿਆਰੀ ਕੀਤੀ ਜਾਂਦੀ। ਸਾਰੇ ਗਈ ਗੁਆਂਢ ਵਿੱਚੋਂ ਆਟਾ ਤੇ ਗੁੜ-ਸ਼ੱਕਰ ਇਕੱਠਾ ਕੀਤਾ ਜਾਂਦਾ। ਇਹ ਕੰਮ ਆਮ ਤੌਰ 'ਤੇ ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੀਆਂ ਕੁਆਰੀਆਂ ਕੁੜੀਆਂ ਹੀ ਕਰਦੀਆਂ। ਉਹ ਕੁੜੀਆਂ ਲੀਰਾਂ ਦੀ ਤੀ ਬਣਾਉਂਦੀਆਂ, ਉਸ ਨੂੰ ਸੋਧਣੇ ਆਟਾ ਕੱਪੜੇ ਪਹਿਨਾ ਕੇ ਸਜਾਉਂਦੀਆਂ। ਵੱਡੀ ਉਮਰ ਦੀਆਂ ਸੁਆਣੀਆਂ ਵਿਧੀਵਤ ਉਸ ਦੀ ਅਰਥੀ ਤਿਆਰ ਕਰਦੀਆਂ। ਕੁਝ ਔਰਤਾਂ ਗੁੜ-ਸ਼ੱਕਰ ਨੂੰ ਪਾਣੀ ਵਿਚ ਘੋਲ ਕੇ ਗੁੰਨ੍ਹਦੀਆਂ।

ਕਈ ਥਾਈਂ ਮਿੱਠੀਆਂ ਰੋਟੀਆਂ ਪਕਾਈਆਂ ਜਾਂਦੀਆਂ ਸਨ ਤੇ ਕਿਤੇ ਵੱਡਾ ਸਾਰਾ ਮਿੱਠਾ ਰੋਟ ਪਕਾਇਆ ਜਾਂਦਾ, ਜਿਸ ਨੂੰ 'ਮੰਨ' ਕਿਹਾ ਜਾਂਦਾ। ਰੋਟ ਨੂੰ ਪਕਾਉਣਾ ਨਹੀਂ, ਲਗਾਉਣਾ ਕਿਹਾ ਜਾਂਦਾ। ਰੋਟ ਲਗਾਉਣ ਦਾ ਕੰਮ ਕੋਈ ਮਾਹਿਰ ਤੇ ਸੁਚੱਜੀ ਔਰਤ ਹੀ ਕਰ ਸਕਦੀ। ਮਿੱਠੇ ਆਟੇ ਨੂੰ ਕਿਸੇ ਵੱਡੇ ਸਮਤਲ ਭਾਂਡੇ ਵਿਚ ਰੱਖ ਕੇ ਬੇਲਣੇ ਨਾਲ ਬੇਲਿਆ ਜਾਂਦਾ ਜਾਂ ਹੱਥਾਂ ਨਾਲ ਦਬਾ-ਦਬਾ ਕੇ ਇੱਕਸਾਰ ਪੱਧਰਾ ਕੀਤਾ ਜਾਂਦਾ। ਘਿਓ ਦੇ ਹੱਥ ਲਾ ਕੇ ਉਸ ਨੂੰ ਰੋਟ ਦੀ ਸ਼ਕਲ ਦਿੱਤੀ ਜਾਂਦੀ, ਭਾਵ ਵੱਡੇ ਆਕਾਰ ਦੀ ਰੋਟੀ ਬਣਾਈ ਜਾਂਦੀ। ਕਿਸੇ ਸਾਫ਼-ਸੁਥਰੀ ਕੱਚੀ ਥਾਂ ਨੂੰ ਲਿੱਪ-ਪੋਚ ਕੇ ਉਸ ਉੱਤੇ ਗੋਹੇ ਪਾਥੀਆਂ ਦੀ ਅੱਗ ਦੀ ਧੂਣੀ ਲਾਈ ਜਾਂਦੀ।

ਜਦੋਂ ਉਹ ਮੱਚ-ਮੱਚ ਕੇ ਲਾਲ ਸੂਹੇ ਅੰਗਿਆਰ ਬਣ ਜਾਂਦੇ ਤਾਂ ਉਨ੍ਹਾਂ ਨੂੰ ਕਿਸੇ ਬੇਲਚੇ ਜਾਂ ਕਿਸੇ ਵੱਡੇ ਚਿਮਟੇ ਤੇ ਖੁਰਚਣੇ ਨਾਲ ਪਰੇ ਕੀਤਾ ਜਾਂਦਾ। ਤੰਦੂਰ ਵਾਂਗੂੰ ਤਪ ਕੇ ਲਾਲ ਹੋਈ ਉਸ ਥਾਂ ਉੱਤੇ ਰੋਟ ਲਗਾ ਦਿੱਤਾ ਜਾਂਦਾ। ਪਾਸੇ ਕੀਤੇ ਭਖਦੇ ਅੰਗਿਆਰ ਫਿਰ ਰੋਟ ਦੇ ਉੱਪਰ ਰੱਖੇ ਜਾਂਦੇ। ਥੋੜ੍ਹੀ ਦੇਰ ਬਾਅਦ ਕੋਈ ਮਾਹਿਰ ਸੁਆਣੀ ਵੱਤ ਦੇਖ ਕੇ ਇਕ ਵਾਰ ਫਿਰ ਅੰਗਿਆਰਾਂ ਨੂੰ ਪਰੇ ਹਟਾਉਂਦੀ। ਰੋਟ ਨੂੰ ਚਿਮਟੇ ਖੁਰਚਣੇ ਨਾਲ ਜਾਂ ਹੱਥਾਂ ਉੱਤੇ ਕੋਈ ਮੋਟਾ ਕੱਪੜਾ ਲਪੇਟ ਕੇ ਥੱਲ ਦਿੰਦੀ। ਇਸ ਪਿੱਛੋਂ ਰੋਟ ਦਾ ਕੱਚ-ਪੱਕ ਦੇਖ ਕੇ ਲੋੜ ਅਨੁਸਾਰ ਉਸ ਉੱਪਰ ਅੰਗਿਆਰ ਰੱਖੇ ਜਾਂਦੇ। ਹੁਣ ਗੁੱਡੀ ਦੀ ਅੰਤਿਮ ਯਾਤਰਾ ਦਾ ਸਮਾਂ ਹੁੰਦਾ। ਕੁੜੀਆਂ ਬਹੁਤ ਪਿੱਟ ਸਿਆਪਾ ਕਰਦੀਆਂ ਕਈ ਪਿੰਡਾਂ ਵਿਚ ਤਾਂ ਵੈਣ ਪਾਉਣ ਤੇ ਰੋਣ-ਪਿੱਟਣ ਲਈ ਮਰਾਸਣ ਵੀ ਹੁੰਦੀ। ਗੁੱਡੀ ਨੂੰ ਅਰਥੀ ਉੱਤੇ ਪਾ ਕੇ ਲਾਲ ਕੱਪੜੇ ਨਾਲ ਢੱਕ ਦਿੱਤਾ ਜਾਂਦਾ। ਗੁੱਡੀ ਦੀ ਅਰਥੀ ਦੀਆਂ ਕਾਹਨੀ ਜਾਂ ਕਾਹਨ੍ਹਣਾਂ ਕੁਆਰੀਆਂ ਕੁੜੀਆਂ ਨਹੀਂ ਸਨ ਬਣਦੀਆਂ। ਅਰਥੀ ਚੁੱਕਣ ਦੀ ਜ਼ਿੰਮੇਵਾਰੀ ਵਿਆਹੀਆਂ ਔਰਤਾਂ ਦੀ ਹੁੰਦੀ। ਹੱਸਦੀ-ਖੇਡਦੀ ਸਾਰੀ ਟੋਲੀ ਇਸ ਮੌਕੇ ਉਦਾਸ ਹੋ ਜਾਂਦੀ।

**ਕੁੜੀਆਂ ਵੈਣ ਪਾਉਂਦੀਆਂ :**

ਛਿੱਕੇ ਧਰੀ ਕਚੌਰੀ ਗੁੱਡੀ ਖਾ ਮਰੀ ਹਾਏ-ਹਾਏ ਗੁੱਡੀ ਖਾ ਮਰੀ, ਗੁੱਡੀ ਚੜ੍ਹ ਮਰੀ ਚੁਬਾਰੇ ਉਹਨੂੰ ਗੁੱਡਾ ਵਾਜਾਂ ਮਾਰੇ ਗੁੱਡੀ ਖਾ ਮਰੀ ਛਿੱਕੇ ਧਰੀ ਕਚੌਰੀ ਗੁੱਡੀ ਖਾ ਮਰੀ....

ਵੈਣ ਪਾਉਂਦੀਆਂ ਕੁੜੀਆਂ ਦੁਹੱਥੜੀਂ ਪਿੱਟਦੀਆਂ। ਗੁੱਡੀ ਦੀ ਅਰਥੀ ਕਿਸੇ ਉਜਾੜ ਪਰ ਸਾਫ਼ ਥਾਂ ਉੱਤੇ ਲਿਜਾਈ ਜਾਂਦੀ। ਰਸਤੇ 'ਚ ਬਾਕਾਇਦਾ ਪਾਣੀ ਦਾ ਛੋਟਾ ਜਿਹਾ ਝੱਕਰਾ ਭੰਨ੍ਹਿਆਂ ਜਾਂਦਾ। ਇਹ ਧਾਰਨਾ ਵੀ ਹੁੰਦੀ ਕਿ ਜੇ ਇਹ ਝੁੱਕਰਾ ਰਸਤੇ-ਚੁਰਸਤੇ ਦੀ ਥਾਂ ਕਿਸੇ ਘਰ ਦੇ ਬੂਹੇ ਅੱਗੇ ਭੰਨ੍ਹਿਆਂ ਜਾਵੇ ਤੇ ਘਰ ਦੀ ਸੁਆਣੀ ਝੱਕਰਾ ਭੰਨ੍ਹਣ ਵਾਲੀਆਂ ਨਾਲ ਜਿੰਨਾ ਜ਼ਿਆਦਾ ਲੜੇ ਉਨਾਂ ਜ਼ਿਆਦਾ ਮੀਂਹ ਵਰ੍ਹਦਾ ਹੈ। ਇਹ ਸਾਡੇ ਸੱਭਿਆਚਾਰ 'ਚ ਕੀਤੇ ਜਾਂਦੇ ਰਸਮ ਰਿਵਾਜ ਤੇ ਭਰਮ ਭੁੱਲੇਖੇ ਸਨ। ਗੁੱਡੀ ਦੀ ਚਿਖ਼ਾ ਚਿਣੀ ਜਾਂਦੀ। ਉਸ ਨੂੰ ਚਿਖ਼ਾ ਉੱਤੇ ਰੱਖਣ ਵੇਲੇ ਕਲੇਜੇ ਧੂਹ ਪਾਉਣ ਵਾਲੇ ਵੈਣ ਪਾਏ ਜਾਂਦੇ। ਚਿਖ਼ਾ ਨੂੰ ਅਗਨੀ ਦਿਖਾਉਣ ਮੌਕੇ ਬਹੁਤ ਪਿੱਟ ਸਿਆਪਾ ਤੇ ਲਹੂਰ ਹੁੰਦਾ। ਦਿਲ ਚੀਰਵੇਂ ਕੀਰਨੇ ਰਾਹ ਜਾਂਦੇ ਰਾਹੀਆਂ ਨੂੰ ਰੋਕ ਲੈਂਦੇ। ਕੋਈ ਕੁੜੀ-ਥੋੜ੍ਹੀ ਕਹਿੰਦੀ : ਤੈਨੂੰ ਮਰੀ ਨੂੰ ਕਿਹੜਾ ਚੱਕੂ ਤੇਰੀਆਂ ਕੌਣ ਪੂਣੀਆਂ ਵੱਟੂ ਧੀਏ ਮੋਰਨੀਏ.. ਹਾਏ ਹਾਏ ਧੀਏ ਮੋਰਨੀਏ।

**ਤੇਰਾ ਚਰਖਾ ਕਿਹੜੀ ਕੱਤੂ:**

ਤੇਰਾ ਕੌਣ ਕਸੀਦਾ ਕੱਢੂ ਗੁੱਡੀਏ ਮੋਰਨੀਏ ਹਾਏ ਹਾਏ ਡੀਏ ਮੋਰਨੀਏ ਇਨ੍ਹਾਂ ਮਜ਼ਲ ਵਾਲੀਆਂ ਵਿਚ ਕੁਝ ਤਾਂ ਹਾਸਾ ਠੱਠਾ ਕਰਦੀਆਂ ਤੇ ਕੁਝ ਉਦਾਸ ਹੁੰਦੀਆਂ। ਕੋਈ ਸਿਆਣੀ ਉਮਰ ਦੀ ਔਰਤ ਆਪਣੀ ਕਿਸੇ ਸਦਾ ਲਈ ਤੁਰ ਗਈ ਧੀ-ਭੈਣ ਨੂੰ ਯਾਦ ਕਰਦੀ ਭਰੇ ਮਨ ਨਾਲ ਵੈਣ ਪਾਉਂਦੀ ਤੂੰ ਤੁਰ ਗਈ ਕਿਹੜੇ ਦੇਸ ਤੇਰੇ ਗਜ਼-ਗਜ਼ ਲੰਮੇ ਕੇਸ ਨੀਂ ਤੂੰ ਪਿੱਛੇ ਮੁੜਕੇ ਦੇਖ ਧੀਏ ਮੋਰਨੀਏ.. ਤੇਰੀ ਮਿਹਰ ਵਰਗਾਂ ਦਾਲ ਤੇਰੇ ਦਿੱਤੇ ਤੇ ਬਾਲ ਤੇਰੇ ਮਾਪਿਆਂ ਦਾ ਮੰਦੜਾ ਹਾਲ ਧੀਏ ਲਾਡਲੀਏ..

ਗੁੱਡੀ ਵਿਚਾਰੀ ਲੁੱਟ-ਕੱਟ ਕਰ ਕੇ ਮੱਚ ਜਾਂਦੀ। ਕਿਸੇ ਨਾਜ਼ੁਕ ਦਿ ਦਿਲ ਵਾਲੀ ਦੇ ਤਾਂ ਅੱਖਾਂ ਵਿੱਚ ਸੱਚੀਂ ਅੰਬਰ ਵਹਿ ਤੁਰਦੇ। ਕੋਈ ਮੱਚਦੀ ਚਿਖ਼ਾ ਦੇਖ ਕੇ ਕਿਸੇ ਆਪਣੇ ਨੂੰ ਯਾਦ ਕਰਦੀ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਘਰ ਮੁੜਦੀ। ਮਿੱਠਾ ਪਕਵਾਨ ਉੱਥੇ ਵੀ ਵੰਡਿਆ ਜਾਂਦਾ ਤੇ ਬਾਕੀ ਬਚਦਾ ਘਰ ਆ ਕੇ ਗ਼ਲੀ-ਮੁਹੱਲੇ ਦੇ ਲੋਕਾਂ ਨੂੰ ਵੰਡਿਆ ਜਾਂਦਾ। ਬੱਚਿਆਂ ਲਈ ਇਹ ਖ਼ੁਸ਼ੀ ਦਾ ਮੌਕਾ ਹੁੰਦਾ। ਉਹ ਇੱਕ ਦੂਜੇ ਦੇ ਹੱਥੋਂ ਖੋਹ-ਖੋਹ ਕੇ ਰੋਟ-ਰੋਟੀਆਂ ਜਾਂ ਚੌਲ ਖਾਂਦੇ। ਕਿਹਾ ਜਾਂਦਾ ਹੈ ਕਿ ਕਈ ਵਾਰ ਗੁੱਡੀ ਫੂਕਣ ਵਾਲੀਆਂ ਆਪਣੇ ਘਰ ਵੀ ਨਹੀਂ ਸਨ ਮੁੜਦੀਆਂ ਕਿ ਰਾਹ ਵਿਚ ਹੀ ਛਮ ਛਮ ਮੀਹ ਵਾਰਨ ਲੱਗਦਾ। ਮੇਰੇ ਖ਼ਿਆਲ ਅਨੁਸਾਰ ਲੋਹੜੇ ਦੇ ਹੁੰਮਸ ਤੋਂ ਬਾਅਦ ਮੀਂਹ ਪੈਣਾ ਕੁਦਰਤੀ ਹੁੰਦਾ ਹੈ। ਇਹ ਹੁੰਮਸ ਤੇ ਵੱਟ ਹੀ ਗੁੱਡੀ ਫੂਕਣ ਦਾ ਕਾਰਨ ਬਣਦਾ। ਮੀਂਹ ਤਾਂ ਅਜਿਹੇ ਮੌਕੇ ਪੈਣਾ ਹੀ ਹੁੰਦਾ ਹੈ, ਇਹ ਤਾਂ ਕੁਦਰਤ ਦਾ ਅਟੱਲ ਨਿਯਮ ਹੈ।

ਅੱਜ-ਕੱਲ੍ਹ ਗੁੱਡੀ ਫੂਕਣ ਦਾ ਰਿਵਾਜ ਘਟ ਗਿਆ ਹੈ ਕਿਉਂਕਿ ਇੱਥੇ ਹੁਣ ਨਿੱਤ ਹੀ ਵੱਡੀਆਂ ਮਰਦੀਆਂ ਤੇ ਫੂਕੀਆਂ ਜਾਂਦੀਆਂ ਹਨ। ਜਿਸ ਨੂੰ ਦੇਖ ਕੇ ਰੱਬ ਵੀ ਅੱਖਾਂ ਬੰਦ ਕਰ ਲੈਂਦਾ ਹੋਣਾ। ਉਹ ਵਿਚਾਰਾ ਕੀਹਨੂੰ ਕੀਹਨੂੰ ਰੋਵੇ? ਉਹਦੇ ਤਾਂ ਨੈਣਾਂ ਵਿਚੋਂ ਨੀਰ ਵੀ ਮੁੱਕ ਗਿਆ ਹੋਣਾ। ਪਿੱਛਲੇ ਸਮੇਂ ਬਹੁਤੇ ਲੋਕ ਰੱਬ ਤੋਂ ਡਰਨ ਵਾਲੇ ਸਨ ਤੇ ਅੱਜ ਦੇ ਲੋਕ ਰੱਬ ਨਾਲ ਆਢੇ ਵਿੱਢਣ ਵਾਲੇ ਹਨ। ਗੁੱਡੀ ਫੂਕਣ ਦੀ ਪਰੰਪਰਾ ਜਾਂ ਰਿਵਾਜ ਪਿੱਛੇ ਲੋਕਾਂ ਦੀ ਮੋਹ ਭਿੱਜੀ ਤੇ ਹਮਦਰਦੀ ਭਰੀ ਮਾਨਸਿਕਤਾ ਦੀ ਬਲਕ ਪੈਂਦੀ ਹੈ ਕਿਵੇਂ ਇਕ ਈਰਾਂ ਦੀ ਗੁੱਡੀ ਸੜਦੀ ਦੇਖ ਕੇ ਔਰਤਾਂ ਦੇ ਮਨ ਪਸੀਜ ਜਾਂਦੇ ਸਨ। ਅੱਜ-ਕੱਲ੍ਹ ਉਹ ਔਰਤਾਂ ਹਨ ਜਿਹੜੀਆਂ ਗੈਸ ਸਿਲੰਡਰ ਫਟਣ ਦਾ ਬਹਾਨਾ ਬਣਾ ਕੇ ਲ਼ਹੂ ਮਾਸ ਦੀਆਂ ਜਿਉਂਦੀਆਂ ਜਾਗਦੀਆਂ ਜੁੱਤੀਆਂ ਨੂੰ ਸਾੜਨ ਵਾਲਾ ਪੱਥਰ ਦਿਲ ਰੱਖਦੀਆਂ ਹਨ। ਕੋਈ ਜ਼ਮਾਨਾ ਸੀ, ਕਿਧਰੇ ਤੀਆਂ ਫੂਕੀਆਂ ਜਾਂਦੀਆਂ, ਕਿਧਰੇ ਛੋਟੇ ਛੋਟੇ ਬੱਚੇ ਰੱਬ ਨੂੰ ਅਰਜ਼ੋਈਆਂ ਕਰਦੇ ਰੱਬਾ ਰੱਬਾ ਮੀਂਹ ਵਰਸਾ ਸਾਡੀ ਕੋਠੀ ਦਾਣੇ ਪਾ। ਕੋਈ ਰੱਬ ਨੂੰ ਸਿਫ਼ਾਰਸ਼ ਕਰਦਾ : ਗੁੱਡੀ ਫੂਕੀ ਰੇਤ ਮੇਂ ਮੀਂਹ ਵਰਸਾ ਦੇ ਖੇਤ ਮੇਂ

**ਪਰਮਜੀਤ ਕੌਰ ਸਰਹਿੰਦ**

# ਪੂਜਾ ਬੇਦੀ ਨੂੰ ਦੇਖ ਕੇ 'ਸਪਾਟ ਬੁਆਏ' ਹੋਇਆ ਬੇਹੋਸ਼



ਬਾਲੀਵੁੱਡ ਦੀ ਮਸ਼ਹੂਰ ਕੋਰੀਓਗ੍ਰਾਫਰ ਫਰਾਹ ਖਾਨ ਨੇ ਫਿਲਮ ਜੋ ਜੀਤਾ ਵਹੀ ਸਿਕੰਦਰ' ਨਾਲ ਆਪਣੇ ਕੋਰੀਓਗ੍ਰਾਫੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਨੇ ਇਸ ਦੇ ਲੋਕਪ੍ਰਿਯ ਗੀਤ 'ਪਹਿਲਾ ਨਸ਼ਾ ਦੀ ਮੇਕਿੰਗ ਨੂੰ ਲੈ ਕੇ ਇਕ ਦਿਲਚਸਪ ਕਿੱਸਾ ਸੁਣਾਇਆ ਹੈ।

ਇਸ ਦੇ ਸਭ ਤੋਂ ਪ੍ਰਸਿੱਧ ਸੀਨ 'ਚ ਪੂਜਾ ਬੇਦੀ ਇਕ ਕਾਰ ਦੇ ਬੋਨਟ 'ਤੇ ਚੜ੍ਹ ਜਾਂਦੀ ਹੈ ਅਤੇ ਮਰਲਿਨ ਮੁਨਰੋ ਸਟਾਈਲ ਨੂੰ ਦੁਹਰਾਉਂਦੀ ਹੋਈ ਨਜ਼ਰ ਆਉਂਦੀ ਹੈ। ਇਸੇ ਨਾਲ ਪੂਜਾ ਨੂੰ ਫਿਲਮ ਇੰਡਸਟਰੀ 'ਚ ਬੋਲਡ ਅਤੇ ਬਿੰਦਾਸ ਅਭਿਨੇਤਰੀ ਦਾ ਖਿਤਾਬ ਮਿਲਿਆ ਸੀ।

ਫਰਾਹ ਨੇ ਦੱਸਿਆ, "ਪੂਜਾ ਨੂੰ ਮਰਲਿਨ ਮੁਨਰੋ ਸਟਾਈਲ ਦਾ ਸ਼ਾਟ ਦੇਣ ਦੇ ਲਈ ਕਾਰ ਦੇ ਉੱਪਰ ਖੜ੍ਹਾ ਹੋਣਾ ਸੀ, ਉਸ ਦੀ ਸਕਰਟ ਅਸੀਂ ਮਰਲਿਨ ਮੁਨਰੋ ਸਟਾਈਲ 'ਚ ਹੀ ਬਣਵਾਈ ਸੀ।ਪੂਜਾ ਤਾਂ ਪੂਜਾ ਹੈ, ਉਹ ਬਿੰਦਾਸ ਹੈ, ਇਸ ਲਈ ਉਹ ਉੱਪਰ ਚੜ੍ਹ ਗਈ ਅਤੇ ਹੇਠਾਂ ਇਕ ਵੱਡਾ ਫੋਨ ਰੱਖ ਦਿੱਤਾ ਗਿਆ, ਨਾਲ ਹੀ ਇਕ ਸਪਾਟ ਬੁਆਏ ਨੂੰ ਬਿਠਾ ਦਿੱਤਾ ਕਿ ਸ਼ਾਟ ਸ਼ੁਰੂ ਹੁੰਦੇ ਹੀ ਉਹ ਪੱਖੇ ਨੂੰ ਆਨ ਕਰ ਦੇਵੇ, ਤਾਂਕਿ ਸ਼ਾਟ ਚੰਗੀ ਤਰ੍ਹਾਂ ਪੂਰਾ ਹੋ ਸਕੇ। ਮੈਂ ਪੂਜਾ ਨੂੰ ਬੋਲਿਆ ਸੀ ਕਿ ਜਦੋਂ ਫੈਨ ਚੱਲੇ ਅਤੇ ਸ਼ਾਟ ਸ਼ੁਰੂ ਹੋਵੇ ਤਾਂ ਉਹ ਆਪਣੀ ਸਰਕਟ ਨੂੰ ਤੁਰੰਤ ਫੜ੍ਹ ਲੈਣਾ। ਜਿਵੇਂ ਹੀ ਪੱਖਾ ਚੱਲਿਆ, ਪੂਜਾ ਨੇ ਆਪਣੀ ਸਕਰਟ ਫੜ੍ਹੀ ਨਹੀਂ ਅਤੇ ਪੂਰੀ ਸਕਰਟ ਉਸ ਦੇ ਸਿਰ ਦੇ ਉੱਪਰ ਚਲੀ ਗਈ, ਉਥੇ ਬੈਠਾ ਸਪਾਟ ਬੁਆਏ ਉਸ ਨੂੰ ਦੇਖ ਕੇ ਬੇਹੋਸ਼ ਹੋ ਗਿਆ।

ਗਰਲਫ੍ਰੈਂਡ ਸੋਫੀਆ ਸ਼ਾਇਨ ਨਾਲ ਸ਼ਿਖਰ ਧਵਨ



## ਸਾਬਕਾ ਭਾਰਤੀ ਕ੍ਰਿਕਟਰ ਸ਼ਿਖਰ ਧਵਨ ਨੇ ਮਾਲਦੀਵ ਵਿਚ ਆਪਣੀ ਗਰਲਫੈਂਡ ਸੋਫੀਆ ਸ਼ਾਇਨ ਦਾ ਜਨਮ ਦਿਨ ਮਨਾਇਆ

ਮੋਟੀ ਮਾਡਲ



# ਇਸ਼ਕ ਮੁਸ਼ਕ

## ਧਨਸ਼੍ਰੀ ਨੂੰ ਪਿਆਰ ਤੋਂ 'ਇਨਕਾਰ' ਨਹੀਂ



ਵਿਆਹ ਦੇ ਸਿਰਫ 3 ਸਾਲਾਂ ਬਾਅਦ ਹੀ ਇਕ-ਦੂਜੇ ਤੋਂ ਤਲਾਕ ਲੈ ਕੇ ਆਪਣੇ- ਆਪਣੇ ਰਸਤਿਆਂ 'ਤੇ ਅੱਗੇ ਵਧ ਜਾਣ ਵਾਲੇ ਯੁਜਵੇਂਦਰ ਚਹਿਲ ਜਿਥੇ ਕ੍ਰਿਕਟ ਦੀ ਦੁਨੀਆ 'ਚ ਸਰਗਰਮ ਹਨ, ਉਥੇ

ਆਪਣੇ ਕਰੀਅਰ 'ਤੇ ਧਿਆਨ ਦੇ ਰਹੀ ਧਨਸ਼੍ਰੀ ਵਰਮਾ ਨੇ ਦੱਸਿਆ ਕਿ ਜੇਕਰ ਉਸ ਦੀ ਜ਼ਿੰਦਗੀ 'ਚ ਪਿਆਰ ਦੁਬਾਰਾ ਆਉਂਦਾ ਹੈ ਤਾਂ ਉਹ ਇਸ ਤੋਂ ਇਨਕਾਰ ਨਹੀਂ ਕਰੇਗੀ।

ਚਹਿਲ ਤੋਂ ਵੱਖ ਹੋਣ ਤੋਂ ਬਾਅਦ ਆਪਣੇ ਕਰੀਅਰ 'ਤੇ ਫੋਕਸ ਕਰਦੇ ਹੋਏ ਜ਼ਿੰਦਗੀ 'ਚ ਅੱਗੇ ਵਧ ਜਾਣ ਵਾਲੀ ਧਨ ਨੇ ਕਿਹਾ ਕਿ ਉਹ ਪਿਆਰ ਦੇ ਮਾਮਲੇ 'ਚ ਓਪਨ ਹੈ।

ਪਿਆਰ ਨੂੰ ਲੈ ਕੇ ਉਸ ਦਾ ਕਹਿਣਾ ਹੈ ਕਿ ਪਿਆਰ ਜ਼ਿੰਦਗੀ ਦਾ ਸਭ ਤੋਂ ਖੂਬਸੂਰਤ ਪਹਿਲੂ ਹੈ। ਭਵਿੱਖ 'ਚ ਜੋ ਕੁਝ ਵੀ ਹੋਵੇਗਾ, ਮੈਂ ਉਸ ਦੇ ਲਈ ਤਿਆਰ ਹਾਂ।

ਫਿਰ ਤੋਂ ਪਿਆਰ ਕਰਨ ਦੀ ਗੱਲ ਕਰਾਂ ਤਾਂ ਤੁਸੀਂ ਇਨ੍ਹਾਂ ਚੀਜਾਂ ਨੂੰ ਪਲਾਨ ਨਹੀਂ ਕਰ ਸਕਦੇ। ਜਿੰਦਗੀ 'ਚ ਪਿਆਰ ਕਿਸ ਨੂੰ ਨਹੀਂ ਚਾਹੀਦਾ ਹੁੰਦਾ?"

# ਬਾਲੀਵੁੱਡ



# ਅਭਿਨੇਤਰੀਆਂ ਦਾ ਦਿਲ ਜਿੱਤਣ ਦਾ ਅੰਦਾਜ਼

ਕਾਨ੍ਹ ਫਿਲਮ ਫੈਸਟੀਵਲ ‘ਚ ਇਸ ਵਾਰ ਨੀਰਜ ਘੇਵਨ ਦੀ ਫਿਲਮ ‘ਹੋਮ ਬਾਊਂਡ ਅਨ ਸਟਰਨ’ ਵੀ ਨਾਮਜ਼ਦ ਹੋਈ ਹੈ। ਜਦਕਿ 1970 ਵਿਚ ਪ੍ਰਦਰਸ਼ਿਤ ਹੋਈ ਸੱਤਿਆਜੀਤ ਰੇਅ ਨਿਰਦੇਸ਼ਤ ਫਿਲਮ ‘ਅਰਣਯੇਰ ਦਿਨ ਰਾਤਰੀ ਦੇ ਰਿਸਟੋਰਡ ਵਰਜਨ ਦੀ ਸਕਰੀਨਿੰਗ ਹੋਈ। ਇਸ ਮੌਕੇ ਅਭਿਨੇਤਰੀ ਸ਼ਰਮੀਲਾ ਟੈਗੋਰ ਅਤੇ ਸਿਮੀ ਗਰੇਵਾਲ ਵੀ ਪੁੱਜੀਆਂ। ਇਸ ਸਾਲ ਡਰੈੱਸ ਨੂੰ ਲੈ ਕੇ ਨਿਯਮ ਸਖ਼ਤ ਰਹੇ। ਭੜਕੀਲੇ ਪਹਿਰਾਵੇ ਅਤੇ ‘ਸ਼ੀਅਰ ਐਂਡ ਵੈਲਿਊਮਿਨਸ’ ਗਾਊਨ ਯਾਨੀ ਜਿਨ੍ਹਾਂ ਕੱਪੜਿਆਂ ਵਿਚ ਸਰੀਰ ਜ਼ਿਆਦਾ ਨਜ਼ਰ ਆਵੇ ਜਾਂ ਜਿਸ ਦੇ ਘੇਰੇਦਾਰ ਗਾਊਨ ਅਤੇ ਲੰਬੇ ਟਰੇਲ ਵਾਲੇ ਹੋਣ, ਦੇ ਪਾਉਣ ਉਤੇ ਰੋਕ ਲਗਾਈ ਗਈ ਤਾਂ ਕਿ ਰੈੱਡ ਕਾਰਪੈਟ ਉਤੇ ਚੱਲਣ ਵੇਲੇ ਟਾਈਮ ਦੀ ਬਰਬਾਦੀ ਨਾ ਹੋਵੇ। ਕਿਉਂਕਿ ਹਰ ਸਿਤਾਰੇ ਕੋਲ ਕੇਵਲ ਦਸ ਮਿੰਟ ਦਾ ਸਮਾਂ ਹੁੰਦਾ ਹੈ। ਹੋਮ ਬਾਊਂਡ ਦੇ ਪ੍ਰੀਮੀਅਰ ਦੇ ਲਈ ਈਸ਼ਾਨ ਖੱਟੜ, ਜਾਹਨਵੀ ਕਪੂਰ, ਵਿਸ਼ਾਲ ਅਤੇ ਨਿਰਮਾਤਾ ਕਰਨ ਜੌਹਰ ਪਹੁੰਚੇ।

ਕਈ ਸਾਲਾਂ ਤੋਂ ਇਸ ‘ਚ ਹਿੱਸਾ ਲੈਣ ਵਾਲੀ ਗੁਨੀਤ ਮੋਗਾ ਕਹਿੰਦੀ ਹੈ, ‘ਇਹ ਫੈਸਟੀਵਲ ਅਨੋਖਾ ਹੈ। ਕਿਉਂਕਿ ਇਥੇ ਫਿਲਮਾਂ ਦੇ ਨਾਲ ਫੈਸ਼ਨ ਤੇ ਫਿਲਮ ਇੰਡਸਟਰੀ ਦੇ ਹੋਰ ਪਹਿਲੂਆਂ ‘ਤੇ ਵੀ ਚਰਚਾ ਹੁੰਦੀ ਹੈ। ਵਰਕਸ਼ਾਪ, ਪਰਿਚਰਚਾਵਾਂ ਹੁੰਦੀਆਂ ਹਨ ਜਿਸ ਨਾਲ ਫਿਲਮ ਇੰਡਸਟਰੀ ਹੋਰ ਵੀ ਤਰੱਕੀ ਕਰਦੀ ਹੈ । ਆਪਣੀ ਫਿਲਮ ‘ਹੋਮਬਾਊਂਡ ਲਈ ਪਹਿਲੀ ਵਾਰ ਕਾਨ ਫੈਸਟੀਵਲ ਵਿਚ ਸ਼ਾਮਿਲ ਹੋਈ ਜਾਹਨਵੀ ਕਪੂਰ ਨੇ ਤਰੁਣ ਤੇਹਲਿਆਨੀ ਦੁਆਰਾ ਨਿਰਦੇਸ਼ਿਤ ਪੋਸ਼ਾਕ ਵਿਚ ਅਪਸਰਾਂ ਦਾ ਲੁਕ ਪੇਸ਼ ਕੀਤਾ। ਜਾਹਨਵੀ ਦੀ ਪੋਸ਼ਾਕ ਮੁੱਖ ਰੂਪ ਵਿਚ ਬਨਾਰਸ ਵਿਚ ਤਿਆਰ ਹੋਣ ਵਾਲੇ ਫੈਬਰਿਕ ਨਾਲ ਤਿਆਰ ਕੀਤੀ ਗਈ ਸੀ।

ਜਿਸ ਨੂੰ ਹੈਂਡ ਕਰੱਸ਼ਡ ਕੀਤਾ ਗਿਆ ਸੀ। ਉਸ ਦੀ ਘੇਰੇਦਾਰ ਸਕਰਟ, ਕਾਰਸੇਟ ਅਤੇ ਸਿਰ ਉਤੇ ਦੁਪੱਟਾ ਅਜਿਹਾ ਸੀ ਜਿਵੇਂ ਕਿ ਪਰੰਪਰਿਕ ਲਹਿੰਗੇ ਨੂੰ ਮਾਡਰਨ ਟਚ ਦਿੱਤਾ ਹੋਵੇ। ਜਾਹਨਵੀ ਕਹਿੰਦੀ ਹੈ ਕਿ ਭਾਰਤੀ ਪਹਿਰਾਵੇ ’ਚ ਉਹ ਸਹਿਜ ਮਹਿਸੂਸ ਕਰਦੀ ਹੈ ਅਤੇ ਰੂਪ ਨਿਖਰ ਕੇ ਸਾਹਮਣੇ ਆਉਂਦਾ ਹੈ।

## ਰੁਚੀ ਨੇ ਮੋਦੀ ਦੀ ਤਸਵੀਰ ਵਾਲਾ ਨੇਕਲੇਸ ਪਾਇਆ

ਮਾਡਲ ਤੇ ਅਭਿਨੇਤਰੀ ਰੁਚੀ ਗੁਜਰ ਨੇ ਨਰਿੰਦਰ ਮੋਦੀ ਦੀ ਤਸਵੀਰ ਵਾਲਾ ਨੇਕਲੇਸ (ਹਾਰ) ਪਹਿਨ ਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਉਨ੍ਹਾਂ ਨੇ ਕਿਹਾ ਕਿ ਇਹ ਨੇਕਲੇਸ ਜਿਊਲਰੀ ਤੋਂ ਕਿਤੇ ਜ਼ਿਆਦਾ ਕੀਮਤੀ ਹੈ। ਇਹ ਭਾਰਤ ਦੀ ਤਾਕਤ, ਦ੍ਰਿਸ਼ਟੀਕੋਣ ਅਤੇ ਅੰਤਰਰਾਸ਼ਟਰੀ ਮੰਚ ਉਤੇ ਉਭਰਦੇ ਭਾਰਤ ਦਾ ਪ੍ਰਤੀਕ ਹੈ।



**ਮਧੂਬਾਲਾ, ਰੇਖਾ, ਹੇਮਾ ਤੇ ਵਹੀਦਾ...**

ਲਾਪਤਾ ਲੇਡੀਜ਼ ਫਿਲਮ ਨਾਲ ਚਰਚਾ ਵਿਚ ਆਈ ਅਭਿਨੇਤਰੀ ਨਿਤਾਂਸ਼ੀ ਗੋਇਲ ਵੀ ਪਹਿਲੀ ਵਾਰ ਕਾਨ ਫੈਸਟੀਵਲ ਵਿਚ ਪਹੁੰਚੀ। ਉਸ ਦਾ ਲੁਕ ਵੀ ਖ਼ੂਬ ਚਰਚਾ ਵਿਚ ਰਿਹਾ। ਇਤਾਂਸ਼ੀ ਨੇ ਆਪਣੀ ਹੇਅਰ ਐਕਸੈਸਰੀ ਵਿਚ ਬਾਲੀਵੁੱਡ ਅਭਿਨੇਤਰੀਆਂ ਮਧੂਬਾਲਾ, ਰੇਖਾ, ਵਹੀਦਾ ਰਹਿਮਾਨ, ਸ੍ਰੀਦੇਵੀ, ਹੇਮਾ ਮਾਲਿਨੀ ਦੀਆਂ ਤਸਵੀਰਾਂ ਕੁਝ ਇਸ ਤਰੀਕੇ ਨਾਲ ਕੈਰੀ ਕੀਤੀਆਂ ਕਿ ਲੋਕ ਵੇਖਦੇ ਹੀ ਰਹਿ ਗਏ। ਨਿਤਾਂਸ਼ੀ ਕਹਿੰਦੀ ਹੈ ਕਿ ਮਾਣ ਅਤੇ ਸਾਹਸ ਦੀਆਂ ਪ੍ਰਤੀਕ ਇਨ੍ਹਾਂ ਅਭਿਨੇਤਰੀਆਂ ਨੇ ਭਾਰਤੀ ਸਿਨੇਮਾ ਨੂੰ ਵੱਡਾ ਮਾਣ ਬਖ਼ਸ਼ਿਆ। ਉਨ੍ਹਾਂ ਜੋ ਕੰਮ ਕੀਤਾ ਉਹ ਹਮੇਸ਼ਾ ਲਈ ਸਮੇਂ ਦੀਆਂ ਹੱਦਾਂ ਤੋਂ ਪਰੇ ਸਦਾ ਜਿਊਂਦਾ ਰਹੇਗਾ।

# ਫਿਲਮ ‘ਡਾਕੂਆਂ ਦਾ ਮੁੰਡਾ 3’ ਦਾ ਧਮਾਕੇਦਾਰ ਟਰੇਲਰ ਰਿਲੀਜ਼




ਪੰਜਾਬੀ ਸਿਨੇਮਾ ਦੀ ਸਭ ਤੋਂ ਵੱਡੀ ਐਕਸ਼ਨ ਫ੍ਰੈਂਚਾਇਜ਼ੀ ਦੀ ਨਵੀਂ ਫਿਲਮ ‘ਡਾਕੂਆਂ ਦਾ ਮੁੰਡਾ 3’ ਦਾ ਧਮਾਕੇਦਾਰ ਟਰੇਲਰ ਅਧਿਕਾਰਤ ਤੌਰ ’ਤੇ ਰਿਲੀਜ਼ ਹੋ ਗਿਆ ਹੈ, ਜਿਸ ਨਾਲ ਪ੍ਰਸ਼ੰਸਕਾਂ ਤੇ ਇੰਡਸਟਰੀ ਦੇ ਅੰਦਰੂਨੀ ਲੋਕਾਂ ’ਚ ਬਹੁਤ ਉਤਸ਼ਾਹ ਪੈਦਾ ਹੋ ਗਿਆ ਹੈ। ਹੈਪੀ ਰੋਡੇ ਵੱਲੋਂ ਨਿਰਦੇਸ਼ਿਤ ਇਹ ਫਿਲਮ ਮਸ਼ਹੂਰ ਅਦਾਕਾਰ ਦੇਵ ਖਰੌੜ ਦੀ ਸ਼ਕਤੀਸ਼ਾਲੀ ਵਾਪਸੀ ਨੂੰ ਦਰਸਾਉਂਦੀ ਹੈ।

ਦੇਵ ਖਰੌੜ ਫਿਲਮ ’ਚ ਇਕ ਯੋਧੇ ਦੀ ਭੂਮਿਕਾ ਨਿਭਾਅ ਰਿਹਾ ਹੈ- ਇਕ ਪ੍ਰਤਿਭਾਸ਼ਾਲੀ ਨੌਜਵਾਨ ਮੁੱਕੇਬਾਜ਼, ਜੋ ਇਕ ਅਪਰਾਧੀ ਪਰਿਵਾਰ ‘ਚ ਪੈਦਾ ਹੋਇਆ ਸੀ ਤੇ ਇਕ ਅਨਾਥ ਆਸ਼ਰਮ ’ਚ ਵੱਡਾ ਹੋਇਆ। ਸਮਾਜਿਕ ਭ੍ਰਿਸ਼ਟਾਚਾਰ ਤੇ ਸਿਸਟਮ ਦੇ ਬੇਇਨਸਾਫ਼ੀ ਵਾਲੇ ਢਾਂਚੇ ਵਿਰੁੱਧ ਲੜਦਿਆਂ ਸਮਾਜ ਦੀ ਬਿਹਤਰੀ ਲਈ ਆਪਣੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਖ਼ੁਦ ਉਸ ਸਿਸਟਮ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਨਾਲ ਉਹ ਟਕਰਾਉਂਦਾ ਹੈ। ਇਹ ਫਿਲਮ ਇਸ ਸੰਘਰਸ਼ ਦੀ ਕਹਾਣੀ ਹੈ-ਵਿਰੋਧ ਤੇ ਬਦਲੇ ਦੀ ਇਕ ਦਿਲਚਸਪ ਗਾਥਾ।

ਨਰਿੰਦਰ ਅੰਬਰਸਰੀਆ ਵੱਲੋਂ ਲਿਖੀ ਗਈ ‘ਡਾਕੂਆਂ ਦਾ ਮੁੰਡਾ 3’ ਭ੍ਰਿਸ਼ਟਾਚਾਰ, ਬੇਇਨਸਾਫ਼ੀ ਤੇ ਸੱਚ ਤੇ ਨਿਆਂ ਲਈ ਲੜਾਈ ਵਰਗੇ ਗੰਭੀਰ ਵਿਸ਼ਿਆਂ ਨੂੰ ਡੂੰਘਾਈ ਨਾਲ ਛੂੰਹਦੀ ਹੈ। ਫਿਲਮ ਦੀ ਕਹਾਣੀ ਉਦੋਂ ਹੋਰ ਵੀ ਤੀਬਰ ਹੋ ਜਾਂਦੀ ਹੈ, ਜਦੋਂ ਯੋਧਾ ਇਕ ਭ੍ਰਿਸ਼ਟ ਚਿੱਟੇ ਕਾਲਰ ਪੁਲਸ ਅਧਿਕਾਰੀ ਦੇ ਸਾਹਮਣੇ ਆਉਂਦਾ ਹੈ, ਜੋ ਆਪਣੀ ਤਾਕਤ ਦੀ ਦੁਰਵਰਤੋਂ ਕਰ ਰਿਹਾ ਹੈ।

ਫਿਲਮ ਦਾ ਕਲਾਈਮੈਕਸ ਉੱਤਰਾਖੰਡ ਦੇ ਸੁੰਦਰ ਜੰਗਲਾਂ ’ਚ ਫ਼ਿਲਮਾਇਆ ਗਿਆ ਹੈ, ਜਿਥੇ ਇਕ ਰੋਮਾਂਚਕ ਟਕਰਾਅ ਦਰਸ਼ਕਾਂ ਨੇ ਆਪਣੀਆਂ ਸੀਟਾਂ ਨਾਲ ਚਿਪਕਾ ਕੇ ਰੱਖੇਗਾ। ਦੇਵ ਖਰੌੜ, ਬਾਣੀ ਸੰਧੂ, ਕਬੀਰ ਦੋਹਨ ਸਿੰਘ, ਦ੍ਰਿਸ਼ਟੀ ਤਲਵਾੜ, ਨਵੀ ਭੰਗੂ, ਕਵੀ ਸਿੰਘ, ਸਤਿੰਦਰ ਜੱਸੋਆਣਾ, ਲੱਖਾ ਲਹਿਰੀ, ਰਾਜ ਧਾਲੀਵਾਲ, ਆਰੀਆ ਨਾਗਪਾਲ, ਸੁੱਖੀ ਖਿਆਲਾ, ਫਤਿਹ ਸਿਆਣ ਤੇ ਬਲਵਿੰਦਰ ਧਾਲੀਵਾਲ ਅਹਿਮ ਕਿਰਦਾਰਾਂ ’ਚ ਨਜ਼ਰ ਆਉਣ ਵਾਲੇ ਹਨ। ਫਿਲਮ ਜੀ 13 ਜੂਨ, 2025 ਸਿਨੇਮਾਘਰਾਂ ‘ਚ ਰਿਲੀਜ਼ ਹੋਵੇਗੀ।

# 1984 ਦਾ ਸਾਕਾ ਨੀਲਾ ਤਾਰਾ ਨਹੀਂ ਕਦੇ ਭੁੱਲਣਾ

ਜੂਨ 1984 ਵਿਚ ਜਦੋਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਕਾਂਗਰਸ ਸਰਕਾਰ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਅਕਾਲ ਤਖ਼ਤ ਸਾਹਿਬ ’ਤੇ ਹਮਲਾ ਕੀਤਾ ਤਾਂ ਬੇਦੋਸ਼ੇ ਸ਼ਰਧਾਲੂ ਵੀ ਮਾਰੇ ਗਏ ਕਿਉਂਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਕਾਰਨ ਭਾਰੀ ਗਿਣਤੀ ਵਿਚ ਸੰਗਤ ਦਰਬਾਰ ਸਾਹਿਬ ਪਹੁੰਚੀ ਹੋਈ ਸੀ।

ਇਸੇ ਵਰਤਾਰੇ ਅਧੀਨ ਜਦੋਂ ਜੂਨ ਦਾ ਤਪਦਾ ਮਹੀਨਾ ਆਉਂਦਾ ਹੈ ਤਾਂ ਅੱਗ ਵਰਗੀਆਂ ਯਾਦਾਂ ਤਨ-ਮਨ ਨੂੰ ਲੂਹ ਕੇ ਰੱਖ ਦਿੰਦੀਆਂ ਹਨ। ਮੁੜ-ਮੁੜ ਜ਼ਿਹਨ ’ਚ ਘੁੰਮਦਾ ਹੈ 2 ਜੂਨ ਤੋਂ ਹਫ਼ਤਾ ਭਰ 1984 ’ਚ ਵਰਤਿਆ ਜਾਂ ਹਕੂਮਤ ਦਾ ‘ਵਰਤਾਇਆ’ ਭਾਣਾ।

ਬਹੁਤ ਸਾਰੇ ਲੋਕਾਂ ਦੇ ਹਿੱਸੇ ਦਾ ਅੰਬਰ ਉਨ੍ਹਾਂ ਦੇ ਸਿਰਾਂ ’ਤੇ ਟੁੱਟ ਪਿਆ ਤੇ ਧਰਤੀ ਉਨ੍ਹਾਂ ਦੇ ਪੈਰਾਂ ਥੱਲਿਓਂ ਨਿਕਲ਼ ਗਈ। ਆਮ ਲੋਕਾਈ ਨੇ ਵੀ ਇਸ ਗੱਲ ਦਾ ਗਹਿਰਾ ਸਦਮਾ ਮੰਨਿਆ ਕਿ ਇਹ ਜ਼ੁਲਮ ਇਕ ਸਿੱਖ ਰਾਸ਼ਟਰਪਤੀ ਦੇ ਰਾਜ ਵਿਚ ਹੋਇਆ ਜਿਸ ਦੇ ਅਧੀਨ ਭਾਰਤੀ ਫ਼ੌਜ ਸੀ। ਉਨ੍ਹਾਂ ਦਿਨਾਂ ਵਿਚ ਅਸੀਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਕੰਪਲੈਕਸ ਵਿਚ ਰਹਿੰਦੇ ਸਾਂ। ਮੇਰੇ ਪਤੀ ਊਧਮ ਸਿੰਘ ਇਸ ਮਹਾਨ ਸ਼ਹੀਦੀ ਅਸਥਾਨ ਵਿਖੇ ਬਤੌਰ ਮੈਨੇਜਰ ਸੇਵਾ ਨਿਭਾ ਰਹੇ ਸਨ। ਦੋ-ਤਿੰਨ ਜੂਨ ਦੀ ਵਿਚਕਾਰਲੀ ਰਾਤ ਨੂੰ ਗੁਰਦੁਆਰਾ ਕੰਪਲੈਕਸ ਨੂੰ ਬਿਲਕੁਲ ਗੁਪਤ ਢੰਗ ਨਾਲ ਘੇਰਿਆ ਗਿਆ। ਸਾਡੇ ਘਰਾਂ ਦੇ ਪਿਛਲੇ ਪਾਸੇ ਮਾਤਾ ਗੁਜਰੀ ਲੰਗਰ ਅਤੇ ਨਾਲ ਯਾਤਰੂਆਂ ਲਈ ਸਰਾਂ ਬਣੀ ਹੋਈ ਸੀ। ਜਦੋਂ ਅਸੀਂ ਸਵੇਰੇ ਘਰ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਭਾਰਤੀ ਫ਼ੌਜੀ ਹਥਿਆਰਾਂ ਨਾਲ ਲੈਸ ਥੋੜ੍ਹੀ-ਥੋੜ੍ਹੀ ਦੂਰੀ ’ਤੇ ਖੜ੍ਹੇ ਸਨ ਘਰਾਂ ਦੇ ਅੱਗੇ ਆਮ ਰਸਤਾ ਸੀ ਤੇ ਅੱਗੇ ਦਫ਼ਤਰੀ ਇਮਾਰਤ ਸੀ ਜਿਸ ਦੀ ਸਾਡੇ ਘਰਾਂ ਵੱਲ ਪਿੱਠ ਸੀ। ਇਸ ਪਾਸੇ ਵੀ ਉਹੀ ਮੰਜ਼ਰ ਸੀ। ਚਾਰੇ ਪਾਸੇ ਫ਼ੌਜ ਤਾਇਨਾਤ ਸੀ। ਜਦੋਂ ਇਹ ਪਿਛਲੇ ਪਾਸੇ ਮਹੱਮਦੀਆਂ ਪਿੰਡ ਵੱਲ ਗਏ ਤਾਂ ਸੈਨਿਕਾਂ ਨੇ ਇਨ੍ਹਾਂ ਨੂੰ ਅੱਗੇ ਜਾਣ ਤੋਂ ਰੋਕਿਆ। ਮੇਰੇ ਪਤੀ ਨੇ ਕਿਹਾ ਕਿ ਬਤੌਰ ਗੁਰਦੁਆਰਾ ਮੈਨੇਜਰ ਮੇਰੀ ਡਿਊਟੀ ਬਣਦੀ ਹੈ ਕਿ ਮੈਂ ਆਲ਼ੇ-ਦੁਆਲ਼ੇ ’ਤੇ ਨਜ਼ਰ ਰੱਖਾਂ। ਫ਼ੌਜੀ ਅਫ਼ਸਰ ਨੇ ਮੁੜ ਕਿਹਾ ‘ਸਾਡੀ ਵੀ ਇਹ ਡਿਊਟੀ ਹੈ ਸਾਨੂੰ ‘ਉੱਪਰੋਂ’ ਹੁਕਮ ਹੈ ਕਿ ਨਾ ਕੋਈ ਗੁਰਦੁਆਰਾ ਸਾਹਿਬ ਤੋਂ ਬਾਹਰ ਜਾ ਸਕਦਾ ਹੈ, ਨਾ ਬਾਹਰੋਂ ਅੰਦਰ ਆ ਸਕਦਾ ਹੈ’। ਇਨ੍ਹਾਂ ਦਫ਼ਤਰ ਵਾਪਸ ਆ ਕੇ ਸ੍ਰੀ ਫ਼ਤਹਿਗੜ੍ਹ ਸਾਹਿਬ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਫੋਨ ਕੀਤੇ ਪਰ ਸਾਰਿਆਂ ਕਿਹਾ ਕਿ ਸਾਨੂੰ ਇਸ ਘੇਰੇ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਕੁਝ ਹੀ ਸਮੇਂ ਵਿਚ ਸਾਰੇ ਫੋਨ ਬੰਦ ਹੋ ਗਏ। ਰੇਡੀਓ ਤੇ ਟੈਲੀਵਿਜ਼ਨ ਉੱਤੇ ਕੋਈ ਖ਼ਬਰ ਨਹੀਂ ਸੀ ਆ ਰਹੀ। ਐਨੀ ਸਖ਼ਤੀ ਦੇ ਬਾਵਜੂਦ ਹਰਿਮੰਦਰ ਸਾਹਿਬ ’ਤੇ ਹੋਏ ਹਮਲੇ, ਕਤਲੇਆਮ, ਮਰਿਆਦਾ ਦੀ ਕੀਤੀ ਗਈ ਉਲੰਘਣਾ ਤੇ ਬੇਅਦਬੀ ਦੀਆਂ ਖ਼ਬਰਾਂ ਅੱਗ ਵਾਂਗ ਫੈਲ ਗਈਆਂ ਸਨ। ਲੋਕਾਂ ਦੇ ਮਨਾਂ ਵਿਚ ਦਹਿਸ਼ਤ ਦੇ ਨਾਲ-ਨਾਲ ਅੰਤਾਂ ਦਾ ਰੋਹ ਭਰ ਗਿਆ ਸੀ। ਮੇਰੇ ਪਤੀ ਨੇ ਸਾਰੇ ਕਰਮਚਾਰੀਆਂ ਨੂੰ ਇਕੱਠੇ ਕਰ ਕੇ ਵਿਚਾਰ ਕੀਤੀ ਕਿ ਜੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਦਿਸੇ ਤਾਂ ਉਸ ਨਾਲ ਕਿਵੇਂ ਨਜਿੱਠਣਾ ਹੈ। ਇਨ੍ਹਾਂ ਕਿਹਾ ਕਿ ਰੋਜ਼ਾਨਾ ਬਣਦੀ ਡਿਊਟੀ ਕਰਨ ਤੋਂ ਬਾਅਦ ਮੇਰੇ ਸਮੇਤ ਸਾਰੇ ਮੁਲਾਜ਼ਮ ਰਾਤ ਨੂੰ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿਚ ਬੈਠ ਕੇ ਪਹਿਰਾ ਦੇਣਗੇ। ਗੁਰਦੁਆਰਾ ਸਾਹਿਬ ਦੇ ਨਾਲ਼ ਹੀ ਕਾਰਸੇਵਾ ਵਾਲਿਆਂ ਦਾ ਡੇਰਾ ਸੀ ਜੋ ਹਰ ਸਮੇਂ ਗੁਰਦੁਆਰਾ ਮੈਨੇਜਰ ਦੇ ਸੰਪਰਕ ਵਿਚ ਸਨ। ਬਸੀ ਪਠਾਣਾਂ ਵਾਲੇ ਪਾਸੇ



ਥੋੜ੍ਹੀ ਦੂਰੀ ’ਤੇ ‘ਗੁਰਦੁਆਰਾ ਸ਼ਹੀਦ ਬਾਬਾ ਸੁੱਖਾ ਸਿੰਘ ਜੀ’ ਦੀ ਇਮਾਰਤ ਦੀ ਸੇਵਾ ਚੱਲ ਰਹੀ ਸੀ। ਉਨ੍ਹਾਂ ਸੇਵਕਾਂ ਦਾ ਲੰਗਰ-ਪਾਣੀ ਇਸ ਡੇਰੇ ਵਿੱਚੋਂ ਜਾਂਦਾ ਸੀ ਜੋ ਸੁਰੱਖਿਆ ਕਰਮੀਆਂ ਨੇ ਰੋਕ ਦਿੱਤਾ। ਪਤਾ ਲੱਗਣ ’ਤੇ ਮੇਰੇ ਪਤੀ ਨੇ ਫ਼ੌਜੀ ਉੱਚ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਡੇਰੇ ਦੇ ਦੋ ਸੇਵਾਦਾਰ ਸਾਨੂੰ ਮਿਲਾਓ। ਉਹੀ ਆ-ਜਾ ਸਕਣਗੇ ਤੇ ਲੰਗਰ-ਪ੍ਰਸ਼ਾਦਾ ਲਿਜਾ ਸਕਣਗੇ। ਅਸੀਂ ਦੇਖ-ਪੜਤਾਲ ਕਰ ਕੇ ਆਉਣ-ਜਾਣ ਦਿਆਂਗੇ। ਇਸ ਗੱਲ ’ਤੇ ਉਹ ਪੂਰੇ ਉਤਰੇ। ਕਰਫਿਊ ਲਗਾ ਦਿੱਤਾ ਗਿਆ ਤੇ ਸੰਗਤਾਂ ਗੁਰਦੁਆਰਾ ਸਾਹਿਬ ਵਿਚ ਆਉਣ ਤੋਂ ਡੱਕ ਦਿੱਤੀਆਂ ਗਈਆਂ। ਤਿੰਨ, ਚਾਰ ਤੇ ਪੰਜ ਜੂਨ ਦਾ ਦਿਨ ਬਹੁਤ ਤਣਾਅ ਵਿਚ ਗੁਜ਼ਰਿਆ।

ਲੰਗਰ ਅਤੇ ਘਰਾਂ ਵਿਚ ਦੁੱਧ ਦੀ ਕਿੱਲਤ ਹੋ ਗਈ। ਛੋਟੇ ਬੱਚਿਆਂ ਲਈ ਦੁੱਧ ਦੀ ਸਮੱਸਿਆ ਖੜ੍ਹੀ ਹੋ ਗਈ। ਪੰਜ-ਛੇ ਜੂਨ ਦੀ ਰਾਤ ਨੂੰ ਮੈਂ ਆਪਣੇ ਪੰਜ ਤੇ ਦਸ ਸਾਲਾਂ ਦੇ ਬੱਚਿਆਂ ਨੂੰ ਸੁਆ ਕੇ ਛੋਟੇ ਭਰਾ ਸਮੇਤ ਰਿਹਾਇਸ਼ੀ ਵਿਹੜੇ ਵਿਚ ਬੈਠੀ ਸਾਂ। ਚਿੰਤਾ ਕਾਰਨ ਨੀਂਦ ਨਹੀਂ ਸੀ ਆਉਂਦੀ ਕਿ ਪਤਾ ਨਹੀਂ ਕਿਹੜੇ ਵੇਲੇ ਕੀ ਹੋ ਜਾਣਾ ਹੈ। ਨਾਲ ਲੱਗਦੇ ਕੁਆਰਟਰਾਂ ਦੀਆਂ ਸਾਂਝੀਆਂ ਦੀਵਾਰਾਂ ਉੱਚੀਆਂ ਸਨ ਤੇ ਮੁੱਖ ਦਰਵਾਜ਼ੇ ਵਾਲੀ ਦੀਵਾਰ ਵੀ। ਬਾਰਾਂ-ਇਕ ਵਜੇ ਦੌਰਾਨ ਇਹ ਕੁਆਰਟਰਾਂ ਵੱਲ ਚੱਕਰ ਲਾਉਣ ਆਏ ਤੇ ਮੈਨੂੰ ਦਰਵਾਜ਼ਾ ਬੰਦ ਕਰ ਕੇ ਸੌਣ ਲਈ ਕਿਹਾ।

ਇਨ੍ਹਾਂ ਦੇ ਪਿੱਛੇ ਹੀ ਸੇਵਾਦਾਰ ਭੱਜਿਆ ਆਇਆ ਤੇ ਉਸ ਨੇ ਦੱਸਿਆ ਕਿ ਮੈਨੇਜਰ ਸਾਹਿਬ, ਬਾਹਰ ਹਿਲਜੁਲ ਹੋ ਰਹੀ ਹੈ। ਇਨ੍ਹਾਂ ਮੈਨੂੰ ਕਿਹਾ ਕਿ ਤੂੰ ਬਾਹਰ ਨਹੀਂ ਨਿਕਲਣਾ, ਘਬਰਾਉਣਾ ਨਹੀਂ। ਬੱਚਿਆਂ ਦਾ ਧਿਆਨ ਰੱਖਣਾ ਹੈ। ਇਹ ਘਰੋਂ ਤੁਰਨ ਲੱਗੇ ਤੇ ਮੈਂ ਜੋ ਕਿਹਾ, ਉਹ ਮੈਨੂੰ ਸਾਲਾਂ ਬਾਅਦ ਵੀ ਜਿਉਂ ਦਾ ਤਿਉਂ ਯਾਦ ਹੈ। ਮੈਂ ਦਰਵਾਜ਼ੇ ਤੱਕ ਇਨ੍ਹਾਂ ਦੇ ਨਾਲ਼ ਜਾਂਦੀ ਨੇ ਕਿਹਾ ‘ਮੈਨੂੰ ਕੋਈ ਡਰ-ਘਬਰਾਹਟ ਨਹੀਂ ਹੈ। ਤੁਸੀਂ ਪਹਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਨੂੰ ਤੇ ਫਿਰ ਸਟਾਫ ਨੂੰ ਦੇਣੀ। ਸਾਡਾ ਫ਼ਿਕਰ ਨਹੀਂ ਕਰਨਾ।’ ਭਗਤ ਕਬੀਰ ਜੀ ਦੀ ਉਚਾਰੀ ਤੁਕ ਮੈਨੂੰ ਪਤਾ ਨਹੀਂ ਕਿਵੇਂ ਸੁੱਝੀ ਤੇ ਮੈਂ ਇਨ੍ਹਾਂ ਨੂੰ ਸੁਣਾਈ :-

**ਕਬੀਰ ਮੁਹਿ ਮਰਨੇ ਕਾ ਚਾਉ ਹੈ**
**ਮਰਹੁ ਤ ਹਰਿ ਕੇ ਦੁਆਰ॥**
**ਮਤ ਹਰਿ ਪੂਛੈ ਕਉਨ ਹੈ**
**ਪਰਾ ਹਮਾਰੈ ਬਾਰ॥**

ਮਹਾਨ ਸ਼ਹੀਦੀ ਅਸਥਾਨ ’ਤੇ ਜੋ ਵੀ ਵਾਪਰਿਆ, ਉਹ ਆਪਣੇ ਪਤੀ ਤੋਂ ਸੁਣਿਆ ਤੇ ਹੂਬਹੂ ਬਿਆਨ ਹੈ। ਇਨ੍ਹਾਂ ਦੱਸਿਆ ‘ਜਦੋਂ ਮੈਂ ਦਰਬਾਰ ਸਾਹਿਬ ਦੇ ਅੱਗੇ ਬਣੇ ਕੜਾਹ ਪ੍ਰਸ਼ਾਦਿ ਦੇ ਕਾਊਂਟਰਾਂ ਕੋਲ਼ ਜਾ ਕੇ ਦੇਖਿਆ ਤਾਂ ਡਿਊਢੀ ਤੋਂ ਲੈ ਕੇ ਚਾਰੇ ਪਾਸੇ ਫ਼ੌਜ ਵੱਲੋਂ ਗੰਨਾਂ ਬੀੜੀਆਂ ਹੋਈਆਂ ਸਨ। ਮੈਂ ਸਾਰੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਹੋਇਆ ਸੀ ਕਿ ਜੇਕਰ ਫ਼ੌਜ ਨੇ ਕੋਈ ਬੇਅਦਬੀ ਕਰਨ ਦਾ ਯਤਨ ਕੀਤਾ ਤਾਂ ਜਾਨ ਦੀ ਪਰਵਾਹ ਨਹੀਂ ਕਰਨੀ ਤੇ ਟਾਕਰਾ ਕਰਨਾ ਹੈ। ਮੈਂ ਸਭ ਤੋਂ ਅੱਗੇ ਹੋਵਾਂਗਾ ਪਰ ਕਾਹਲ਼ੀ ਜਾਂ ਕੋਈ ਪਹਿਲ ਨਹੀਂ ਕਰਨੀ। ਸਾਰੇ ਤਿਆਰ-ਬਰ-ਤਿਆਰ ਖੜ੍ਹੇ ਸਨ। ਫ਼ੌਜੀ ਅਫ਼ਸਰ ਬਤੌਰ ਮੈਨੇਜਰ ਮੈਨੂੰ ਪਛਾਣਦੇ ਸਨ। ਇਕ ਕਰਨਲ ਨੇ ਮੈਨੂੰ ਕਿਹਾ ਕਿ ਦਰਬਾਰ ਸਾਹਿਬ ਦੇ ਅੰਦਰੋਂ ਤਲਾਸ਼ੀ ਲੈਣੀ ਹੈ। ਮੈਂ ਕਿਹਾ ਕਿ ਜੋੜੇ-ਜੁਰਾਬਾਂ ਲਾਹ ਕੇ ਪੈਰ ਧੋ ਕੇ ਸਿਰ ਢਕ ਲਵੋ ਤੇ ਜਿੱਥੋਂ ਚਾਹੋ, ਤਲਾਸ਼ੀ ਕਰ ਲਵੋ। ਮੁੱਖ ਦਰਬਾਰ ਸਾਹਿਬ ਦੇ ਕਿਵਾੜ ਅਜੇ ਬੰਦ ਹਨ ਜੋ ਮਰਿਆਦਾ ਅਨੁਸਾਰ ਅੰਮ੍ਰਿਤ ਵੇਲ਼ੇ ਦੋ ਵਜੇ ਖੋਲ੍ਹੇ ਜਾਂਦੇ ਹਨ। ਗੱਲਬਾਤ ਕਰਨ ਵਾਲ਼ੇ ਦੋ ਹਿੰਦੂ ਤੇ ਇਕ ਸਰਦਾਰ ਕੈਪਟਨ ਸੀ। ਮੇਰੇ ਪਤੀ ਨੇ ਅੱਗੇ ਦੱਸਿਆ “ਉਨ੍ਹਾਂ ਤਿੰਨਾਂ ਨੇ ਮੇਰੀ ਗੱਲ ਧਿਆਨ ਨਾਲ ਸੁਣੀ।’ ਮੈਂ ਕਿਹਾ ਕਿ ਮੈਂ ਆਪਣੇ ਤਿੰਨ-ਚਾਰ ਬੰਦੇ ਨਾਲ ਲੈ ਕੇ ਤੁਹਾਡੇ ਨਾਲ ਅੰਦਰ ਜਾਵਾਂਗਾ। ਫ਼ੌਜੀ ਅਫ਼ਸਰਾਂ ਨੇ ਕੋਈ ਇਤਰਾਜ਼ ਨਾ ਕੀਤਾ ਪਰ ਤਿੰਨ-ਚਾਰ ਹੋਰ ਸਾਥੀ ਅਫ਼ਸਰ ਉਨ੍ਹਾਂ ਵੀ ਨਾਲ ਲੈ ਲਏ। ਚਰਨਕੁੰਡ ਕੋਲ਼ ਜਾ ਕੇ ਉਨ੍ਹਾਂ ਜੁੱਤੇ-ਜੁਰਾਬਾਂ ਉਤਾਰੀਆਂ, ਹੱਥ-ਪੈਰ ਧੋਤੇ। ਬਾਕਾਇਦਾ ਸਿਰ ਢਕ ਕੇ ਚਰਨਕੁੰਡ ਵਾਲ਼ਾ ਵੱਡਾ ਦੁਆਰ ਲੰਘ ਕੇ ਸਾਡੇ ਨਾਲ ਅੰਦਰ ਵੜੇ।

ਉਨ੍ਹਾਂ ਮੁੜ ਕਿਹਾ ‘ਦਰਬਾਰ ਸਾਹਿਬ ਖੋਲ੍ਹੋ’। ਮੈਂ ਕਿਹਾ ਕਿ ਇਸ “ਕਿਵਾੜ” ਦੀਆਂ ਚਾਬੀਆਂ ਡਿਊਟੀ ਵਾਲ਼ੇ ਗ੍ਰੰਥੀ ਸਿੰਘ ਕੋਲ਼ ਹਨ। ਉਹ ਗੁਰ-ਮਰਿਆਦਾ ਅਨੁਸਾਰ ਠੀਕ ਦੋ ਵਜੇ ਕਿਵਾੜ ਖੋਲ੍ਹੇਗਾ...। ਤੁਸੀਂ ਉਦੋਂ ਤੱਕ ਹੋਰ ਅਸਥਾਨਾਂ ਦੀ ਤਲਾਸ਼ੀ ਕਰ ਸਕਦੇ ਹੋ। ਉਨ੍ਹਾਂ ਨੇ ਨਾ ਕੋਈ ਤਲਖ਼ ਕਲਾਮੀ ਕੀਤੀ ਤੇ ਨਾ ਕੋਈ ਜ਼ੋਰਾਜਬਰੀ।” ਇਨ੍ਹਾਂ ਦੇ ਨਾਲ ਸਾਰੇ ਫ਼ੌਜੀ ਅਫ਼ਸਰ ਦਰਬਾਰ ਸਾਹਿਬ ਦੇ ਥੱਲੇ ਬਣੇ ‘ਭੋਰਾ ਸਾਹਿਬ’ ਵਿਚ ਗਏ। ਜ਼ਿਕਰਯੋਗ ਹੈ ਕਿ ਇਹ ਉਹ ਮੁਕੱਦਸ ਅਸਥਾਨ ਹੈ ਜਿੱਥੇ ਦਸਮੇਸ਼ ਪਿਤਾ ਦੇ ਸੱਤ ਤੇ ਨੌਂ ਸਾਲਾਂ ਦੇ ਮਾਸੂਮ ਲਖ਼ਤੇ ਜਿਗਰ ਨੀਂਹਾਂ ਵਿਚ ਚਿਣੇ ਗਏ ਸਨ। ਮੇਰੇ ਪਤੀ ਨੇ ਗੱਲ ਅੱਗੇ ਤੋਰੀ ਤੇ ਕਿਹਾ ‘ਜਦੋਂ ਪੌੜੀਆਂ ਉਤਰ ਕੇ ਅਸੀਂ ਥੱਲੇ ਗਏ ਤਾਂ ਮੈਂ ਭੋਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਉਨ੍ਹਾਂ ਸਾਰਿਆਂ ਵੀ ਸਤਿਕਾਰ ਵਜੋਂ ਮੱਥਾ ਟੇਕਿਆ। ਉਨ੍ਹਾਂ ਨੇ ਸਾਰੀਆਂ ਅਲਮਾਰੀਆਂ ਖੋਲ੍ਹ ਕੇ ਦੇਖੀਆਂ ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ, ਪਤਾਸਿਆਂ ਦਾ ਪ੍ਰਸ਼ਾਦ ਤੇ ਗੁਰਬਾਣੀ ਦੇ ਗੁਟਕਾ ਸਾਹਿਬ ਸੁਸ਼ੋਭਿਤ ਸਨ। ਉਨ੍ਹਾਂ ਨੂੰ ਕੋਈ ਵੀ ਇਤਰਾਜ਼ਯੋਗ ਵਸਤੂ ਉੱਥੇ ਨਾ ਮਿਲੀ।’ ਇਸ ਉਪਰੰਤ ਉਨ੍ਹਾਂ ਨੇ ਨਾਲ ਹੀ ਸੁਭਾਇਮਾਨ ‘ਗੁਰਦੁਆਰਾ ਠੰਢਾ ਬੁਰਜ’ ਸਾਹਿਬ ਵਿਚ ਜਾਣ ਲਈ ਕਿਹਾ। ਇਹ ਆਪਣੇ ਸਾਥੀਆਂ ਸਮੇਤ ਉਨ੍ਹਾਂ ਨੂੰ ਨਾਲ ਲੈ ਤੁਰੇ।

ਇਹ ਉਹ ਪਾਵਨ ਅਸਥਾਨ ਹੈ ਜਿੱਥੇ ਸੂਬਾ ਸਰਹਿੰਦ ਵਜ਼ੀਰ ਖ਼ਾਨ ਨੇ ਪੋਹ ਦੀ ਮਾਰੂ ਠੰਢ ਵਿਚ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੈਦ ਕਰ ਕੇ ਰੱਖਿਆ ਸੀ। ਇਹ ਮੁਗ਼ਲ ਰਾਜਿਆਂ ਦੀ ਗਰਮ ਰੁੱਤ ਲਈ ਬਣਾਈ ਠੰਢੀ ਰਿਹਾਇਸ਼ਗਾਹ ਸੀ। ਅਗਲੇ ਵਾਰਤਾਲਾਪ ਵਿਚ ਮੇਰੇ ਪਤੀ ਨੇ ਦੱਸਿਆ ‘ਉੱਥੇ ਵੀ ਉਨ੍ਹਾਂ ਸਾਰਿਆਂ ਨੇ ਸਾਡੇ ਵਾਂਗ ਹੀ ਪੈਰ ਧੋਤੇ ਤੇ ਬਾਅਦਬ ਉੱਪਰ ਗਏ। ਸਾਡੇ ਵਾਂਗ ਉਹ ਵੀ ਠੰਢਾ ਬੁਰਜ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਏ। ਇੱਥੇ ਵੀ ਫ਼ੌਜੀ ਅਫ਼ਸਰਾਂ ਨੇ ਸਾਰੀਆਂ ਅਲਮਾਰੀਆਂ ਖੋਲ੍ਹ ਕੇ ਤਲਾਸ਼ੀ ਲਈ ਪਰ ਉਹੀ ਸਭ ਕੁਝ ਇੱਥੇ ਸੀ ਜੋ ਉਨ੍ਹਾਂ ਨੇ ਭੋਰਾ ਸਾਹਿਬ ਵਿਖੇ ਦੇਖਿਆ ਸੀ। ਉਨ੍ਹਾਂ ਦੇ ਚਿਹਰੇ ’ਤੇ ਤਸੱਲੀ ਸੀ। ਠੰਢੇ ਬੁਰਜ ਸਾਹਿਬ ਦੀ ਪਰਿਕਰਮਾ ਵਿਚ ਚਾਰੇ ਪਾਸੇ ਛੋਟੇ-ਛੋਟੇ ਬੁੰਗੇ ਬਣੇ ਹੋਏ ਸਨ ਜਿਨ੍ਹਾਂ ਨੂੰ ਤਾਲੇ ਲੱਗੇ ਹੋਏ ਸਨ। ਫ਼ੌਜੀ ਅਧਿਕਾਰੀਆਂ ਨੇ ਮੈਨੂੰ ਕਿਹਾ ਕਿ ਇਹ ਤਾਲੇ ਖੋਲ੍ਹੋ ਪਰ ਮੈਂ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਤਾਲਿਆਂ ਦੀਆਂ ਚਾਬੀਆਂ ਤਾਂ ਸ਼ਰਧਾਲੂ ਸੇਵਕਾਂ ਕੋਲ਼ ਹੁੰਦੀਆਂ ਹਨ। ਉਹ ਤਿੰਨ-ਚਾਰ ਵਜੇ ਆ ਕੇ ਝਾੜੂ-ਪੋਚੇ ਤੇ ਪੌੜੀਆਂ-ਪਰਿਕਰਮਾ ਧੋਣ ਦੀ ਸੇਵਾ ਕਰਦੇ ਹਨ। ਇਨ੍ਹਾਂ ਬੁੰਗਿਆਂ ਵਿਚ ਉਨ੍ਹਾਂ ਦਾ ਸਾਮਾਨ ਹੁੰਦਾ ਹੈ।

ਇਹ ਸੁਣ ਕੇ ਇਕ ਅਫ਼ਸਰ ਨੇ ਦੂਜੇ ਨੂੰ ਕਿਹਾ ਕਿ ਤਾਲੇ ਤੋੜੇ ਜਾਣ। ਪਰ ਮੈਂ ਕਿਹਾ ਕਿ ਮੇਰੇ ਨਾਲ ਸਾਡਾ ਬਿਜਲੀ ਮਿਸਤਰੀ ਹੈ। ਤਾਲੇ ਇਹ ਤੋੜੇਗਾ, ਤੁਸੀਂ ਆਪਣੀ ਤਲਾਸ਼ੀ ਪੂਰੀ ਕਰੋ। ਜਦੋਂ ਤਾਲੇ ਤੋੜੇ ਤਾਂ ਬੁੰਗਿਆਂ ’ਚੋਂ ਬਾਲਟੀਆਂ, ਝਾੜੂ ਤੇ ਪੋਚੇ ਲਾਉਣ ਵਾਲ਼ੇ ਤੌਲੀਏ ਨਿਕਲੇ। ‘ਇਤਰਾਜ਼ਯੋਗ ਸਮੱਗਰੀ’ ਲੱਭਣ ਆਏ ਅਫ਼ਸਰ ਸੱਚ ਦੇ ਸਾਹਮਣੇ ਸ਼ਰਮਿੰਦਾ ਹੋਏ ਖੜ੍ਹੇ ਸਨ।’ ਇੱਧਰ ਕੈਪਟਨ ਤੇ ਉਨ੍ਹਾਂ ਦੇ ਸਾਥੀ ਆਪਣੀ ਕਾਰਵਾਈ ਕਰ ਰਹੇ ਸਨ ਤੇ ਦੂਜੇ ਪਾਸੇ ਕੁਝ ਨਫ਼ਰੀ ਰਿਹਾਇਸ਼ੀ ਕੁਆਰਟਰਾਂ, ਮਾਤਾ ਗੁਜਰੀ ਸਰਾਂ ਤੇ ਮਾਤਾ ਗੁਜਰੀ ਲੰਗਰ ਹਾਲ ’ਚ ਫੋਲਾ-ਫਾਲੀ ਤੇ ਪੁੱਛ ਪੜਤਾਲ ਕਰ ਰਹੀ ਸੀ। ਅਗਲੀ ਫ਼ੌਜੀ ਕਾਰਵਾਈ ਬਾਰੇ ਇਨ੍ਹਾਂ ਨੇ ਜਾਣਕਾਰੀ ਦਿੰਦਿਆਂ ਸਾਨੂੰ ਦੱਸਿਆ ‘ਇਸ ਵੇਲੇ ਤੱਕ ਦਰਬਾਰ ਸਾਹਿਬ ਦੇ ਕਿਵਾੜ ਖੁੱਲ੍ਹ ਚੁੱਕੇ ਸਨ। ਅੰਦਰ ਜਾਣ ਲਈ ਸਾਰਿਆਂ ਨੇ ਸਾਡੇ ਨਾਲ ਹੱਥ ਪੈਰ ਧੋਤੇ। ਸਾਰਾ ਸਮਾਂ ਉਨ੍ਹਾਂ ਨੇ ਆਪਣੇ ਸਿਰ ਢਕ ਕੇ ਰੱਖੇ। ਦਰਬਾਰ ਸਾਹਿਬ ਦੀ ਮੁੱਖ ਦਹਿਲੀਜ਼ ’ਤੇ ਮੇਰੇ ਵਾਂਗ ਸਾਰਿਆਂ ਮੱਥਾ ਟੇਕਿਆ ਤੇ ਮੇਰੇ ਨਾਲ ਉਹ ਵੀ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਤਮਸਤਕ ਹੋਏ। ਇੱਥੇ ਉਨ੍ਹਾਂ ਸਾਰੀਆਂ ਅਲਮਾਰੀਆਂ ਖੋਲ੍ਹ ਕੇ ਬਹੁਤ ਘੋਖਵੀਂ ਨਜ਼ਰ ਨਾਲ ਤਲਾਸ਼ੀ ਲਈ ਭਾਵੇਂ ਇੱਥੇ ਵੀ ਪਤਾਸਿਆਂ ਦੇ ਪ੍ਰਸ਼ਾਦ, ਰੁਮਾਲੇ ਅਤੇ ਗੁਟਕਿਆਂ ਤੋਂ ਬਗੈਰ ਹੋਰ ਕੁਝ ਨਹੀਂ ਸੀ। ਆਪਣੀ ਪੂਰੀ ਤਸੱਲੀ ਕਰਨ ਤੋਂ ਬਾਅਦ ਅਸੀਂ ਸਾਰੇ ਬਾਹਰ ਦਫ਼ਤਰ ਵੱਲ ਆ ਗਏ।

ਇਸ ਸਾਰੀ ਕਾਰਵਾਈ ਦੌਰਾਨ ਮੈਂ ਆਪਣੇ ਸੁੱਤੇ ਪਏ ਬੱਚਿਆਂ ਕੋਲ਼ ਬੈਠੀ ਸੁੱਖ-ਸ਼ਾਂਤੀ ਲਈ ਅਰਦਾਸ ਕਰਦੀ ਬਾਹਰ ਦੀ ਆਹਟ ਵੱਲ ਵੀ ਧਿਆਨ ਰੱਖ ਰਹੀ ਸਾਂ। ਘਰ ਦਾ ਮੁੱਖ ਦਰਵਾਜ਼ਾ ਖੜਕਿਆ ਤੇ ਮੈਂ ਵਿਰਲਾਂ ’ਚੋਂ ਦੇਖਿਆ ਕਿ ਇਕ ਸੈਨਿਕ ਜੋ ਹਥਿਆਰਾਂ ਨਾਲ ਲੈਸ ਸੀ, ਬਾਹਰ ਖੜ੍ਹਾ ਸੀ ਤੇ ਅੰਦਰੋਂ ਤਲਾਸ਼ੀ ਲੈਣ ਲਈ ਕਹਿ ਰਿਹਾ ਸੀ। ਅਸੀਂ ਭੈਣ-ਭਰਾ ਨੇ ਬੇਝਿਜਕ ਦਰਵਾਜ਼ਾ ਖੋਲ੍ਹ ਦਿੱਤਾ। ਉਸ ਨੇ ਸਾਡੇ ਤਿੰਨੇ ਕਮਰਿਆਂ ਵਿਚ ਤਿੱਖੀ ਨਜ਼ਰ ਨਾਲ ਪੜਤਾਲ ਕੀਤੀ ਪਰ ਕਿਸੇ ਚੀਜ਼-ਵਸਤ ਨੂੰ ਨਾ ਛੇੜਿਆ।

ਅਸੀਂ ਉਸ ਦੇ ਨਾਲ ਰਹੇ। ਉਸ ਨੇ ਬੜੀ ਨਿਮਰਤਾ ਨਾਲ ਮੈਨੂੰ ਕਿਹਾ ‘ਬਹਿਨ ਜੀ, ਹਮਾਰੀ ਮਜਬੂਰੀ ਹੈ, ਨੌਕਰੀ ਕਾ ਮਸਲਾ ਹੈ, ਕਿਆ ਕਰੇਂ।’ ਮੈਂ ਵੀ ਉਸੇ ਤਰ੍ਹਾਂ ਜਵਾਬ ਦਿੱਤਾ ਕਿ ਸਾਨੂੰ ਕੋਈ ਇਤਰਾਜ਼ ਨਹੀਂ, ਇੱਧਰ ਰਸੋਈ ਹੈ ਉਹ ਵੀ ਦੇਖ ਲਵੋ ਪਰ ਉਹ ਰਸੋਈ ਦੇ ਅੰਦਰ ਨਹੀਂ ਵੜਿਆ, ਬਾਹਰੋਂ ਹੀ ਸਰਸਰੀ ਨਜ਼ਰ ਮਾਰੀ ਤੇ ਚਲਾ ਗਿਆ। ਉਨ੍ਹਾਂ ਸਾਰੇ ਘਰਾਂ ਦੀ ਤਲਾਸ਼ੀ ਲਈ। ਨਾ ਕਿਧਰੇ ਕੁਝ ਗ਼ੈਰ-ਕਾਨੂੰਨੀ ਸੀ, ਨਾ ਉਨ੍ਹਾਂ ਕਿਸੇ ਨੂੰ ਮੰਦਾ-ਫਿੱਕਾ ਬੋਲਿਆ। ਇਸ ਤੋਂ ਬਾਅਦ ਜੋ ਹੋਇਆ, ਉਹ ਬਿਰਤਾਂਤ ਇਨ੍ਹਾਂ ਨੇ ਤਣਾਅ ਵਾਲ਼ੀ ਅਵਸਥਾ ਵਿਚ ਵਰਣਨ ਕੀਤਾ।

‘ਕੈਪਟਨਾਂ ਦੀ ਤਿੱਕੜੀ ਨੇ ਮੈਨੂੰ ਕਿਹਾ ਕਿ ਸਰਾਂ ’ਚ ਜਿੰਨੇ ਵੀ ਯਾਤਰੀ ਠਹਿਰੇ ਹੋਏ ਹਨ, ਉਨ੍ਹਾਂ ਦੀ ਪੂਰੀ ਜਾਣਕਾਰੀ ਦਿਉ। ਅਸੀਂ ਸਾਰੇ ਸਰਾਂ ਵਿਚ ਗਏ ਤਾਂ ਸੈਨਿਕਾਂ ਨੇ ਉੱਥੇ ਸਾਰੇ ਸ਼ਰਧਾਲੂਆਂ ਨੂੰ ਕਮਰਿਆਂ ਵਿੱਚੋਂ ਬਾਹਰ ਕੱਢ ਕੇ ਘੇਰਾ ਪਾਇਆ ਹੋਇਆ ਸੀ। ਜ਼ਰਾ ਕੁ ਦਿਨ ਚੜ੍ਹੇ ਉਨ੍ਹਾਂ ਨੂੰ ਡਿਊਢੀ ਸਾਹਮਣੇ ਬਣੇ ਪਾਰਕ ਵਿਚ ਲਿਆਂਦਾ ਗਿਆ ਤੇ ਉੱਥੇ ਬੈਠਣ ਲਈ ਕਿਹਾ। ਉਨ੍ਹਾਂ ਨੂੰ ਹਥਿਆਰਬੰਦ ਫ਼ੌਜੀਆਂ ਨੇ ਘੇਰਾ ਪਾਇਆ ਹੋਇਆ ਸੀ। ਕੈਪਟਨਾਂ ਦਾ ਕਹਿਣਾ ਸੀ ਕਿ ਇਨ੍ਹਾਂ ਵਿਚ ਗ਼ਲਤ ਅਨਸਰ ਵੀ ਹਨ ਪਰ ਮੈਂ ਪੂਰੀ ਦਲੇਰੀ ਨਾਲ ਕਿਹਾ ਕਿ ਮੈਂ ਇਨ੍ਹਾਂ ਦਾ ਜ਼ਿੰਮੇਵਾਰ ਹਾਂ। ਤੁਸੀਂ ਪੁੱਛ-ਪੜਤਾਲ ਕਰ ਲਵੋ। ਸਾਰਿਆਂ ਨੇ ਆਪਣੇ ਪਤੇ-ਟਿਕਾਣੇ ਦੱਸੇ। ਸਰਾਂ ਵਿਚ 50 ਕੁ ਯਾਤਰੀ ਸਨ ਜਿਨ੍ਹਾਂ ਵਿਚ ਬੱਚੇ, ਬੁੱਢੇ, ਨੌਜਵਾਨ ਤੇ ਕੁਝ ਔਰਤਾਂ ਵੀ ਸਨ। ਉਨ੍ਹਾਂ ਸਾਰਿਆਂ ਦੇ ਪਤੇ-ਟਿਕਾਣੇ ਸਰਾਂ ਦੇ ਇੰਚਾਰਜ ਕੋਲ ਨੋਟ ਕੀਤੇ ਹੋਏ ਸਨ। ਯਾਤਰੀਆਂ ਕੋਲ ਕੋਈ ਵੀ ਨਾਜਾਇਜ਼ ਚੀਜ਼-ਵਸਤ ਨਹੀਂ ਸੀ ਤੇ ਮੈਨੂੰ ਭੁੱਖੇ-ਪਿਆਸੇ ਤੇ ਡਰੇ-ਸਹਿਮੇ ਬੈਠੇ ਬੇਦੋਸ਼ੇ ਯਾਤਰੀਆਂ ’ਤੇ ਤਰਸ ਆ ਰਿਹਾ ਸੀ। ਮੈਂ ਕੈਪਟਨਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਲੰਗਰ-ਪਾਣੀ ਛਕਣ ਦੀ ਆਗਿਆ ਦਿਉ ਤਾਂ ਉਨ੍ਹਾਂ ਕਿਹਾ ਇੱਥੇ ਲਿਆ ਕੇ ਛਕਾ ਦਿਉ। ਸੇਵਾਦਾਰਾਂ ਨੂੰ ਕਹਿ ਕੇ ਮੈਂ ਲੰਗਰ ਵਿੱਚੋਂ ਪ੍ਰਸ਼ਾਦਾ-ਪਾਣੀ ਤੇ ਚਾਹ ਮੰਗਵਾਈ ਪਰ ਮੁਸ਼ਕਲ ਨਾਲ ਹੀ ਕਿਸੇ ਦੇ ਅੰਦਰ ਅੰਨ-ਪਾਣੀ ਗਿਆ। ਕੈਪਟਨ ਨੇ ਸਥਾਨਕ ਐੱਸਡੀਐੱਮ ਨਾਲ ਸੰਪਰਕ ਕੀਤਾ ਤਾਂ ਇਸ ਅਮਲੇ ਨੇ ਯਾਤਰੀਆਂ ਦੇ ਸਿਰਨਾਵੇਂ ਅਨੁਸਾਰ ਉਨ੍ਹਾਂ ਨਾਲ ਸਬੰਧਤ ਥਾਣਿਆਂ-ਕਚਹਿਰੀਆਂ ਵਿੱਚੋਂ ਉਨ੍ਹਾਂ ਬਾਰੇ ਪੜਤਾਲ ਕੀਤੀ। ਸਾਰੇ ਸਾਧਾਰਨ ਲੋਕ ਸਨ।

ਕਿਸੇ ’ਤੇ ਨਾ ਕੋਈ ਕੇਸ ਪਾਇਆ ਗਿਆ, ਨਾ ਕੋਈ ਮਾਰਕੁੱਟ ਹੋਈ ਤੇ ਨਾ ਹੀ ਬਦਸਲੂਕੀ ਕੀਤੀ ਗਈ। ਫ਼ੌਜ ਵੱਲੋਂ ਸਖ਼ਤੀ ਜ਼ਰੂਰ ਵਰਤੀ ਗਈ। ਸ਼ਾਮ ਹੋ ਚੁੱਕੀ ਸੀ। ਜਿੰਨੇ ਕੁ ਲੋਕਾਂ ਦੀ ਸ਼ਨਾਖ਼ਤ ਹੋਈ, ਉਨ੍ਹਾਂ ਨੂੰ ਛੱਡ ਦਿੱਤਾ ਤੇ ਉਹ ਸਰਾਂ ਵਿਚ ਚਲੇ ਗਏ। ਕਰਫਿਊ ਕਾਰਨ ਕੋਈ ਕਿਤੇ ਨਹੀਂ ਸੀ ਜਾ ਸਕਦਾ। ਰਾਤ ਹੋ ਗਈ ਪਰ ਸਾਰਿਆਂ ਦੀ ਸ਼ਨਾਖ਼ਤ ਪੂਰੀ ਨਾ ਹੋ ਸਕੀ ਤੇ ਦੂਜੇ ਦਿਨ ਤੱਕ ਉਹ ਪਾਰਕ ਵਿਚ ਹੀ ਘਿਰੇ ਰਹੇ। ਸ਼ਾਮ ਵੇਲੇ ਸਾਰੀਆਂ ਸ਼ਨਾਖ਼ਤਾਂ ਪੂਰੀਆਂ ਹੋਣ ਉਪਰੰਤ ਸਾਰਿਆਂ ਦਾ ਘੇਰਾ ਚੁੱਕਿਆ ਗਿਆ ਤੇ ਉਹ ਵੀ ਸਰਾਂ ਵਿਚ ਭੇਜ ਦਿੱਤੇ। ਇਹ ਲੋਕ ਤਿੰਨ-ਚਾਰ ਦਿਨਾਂ ਪਿੱਛੋਂ ਕਰਫਿਊ ਹਟੇ ਤੋਂ ਆਪਣੇ ਘਰਾਂ ਨੂੰ ਪਰਤੇ। ਅਸੀਂ ਸਾਰੇ ਸਾਹ ਰੋਕ-ਰੋਕ ਕੇ ਇਹ ਦੁੱਖ ਤੇ ਸਹਿਮ ਭਰੀ ਵਾਰਤਾ ਸੁਣਦੇ ਸਦਮੇ ਵਿਚ ਆ ਗਏ। ਮੇਰੇ ਪਤੀ ਦੇ ਮਨ-ਮਸਤਕ ’ਤੇ ਇਸ ਸਾਰੀ ਘਟਨਾ ਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਹਮਲੇ ਦਾ ਬਹੁਤ ਅਸਰ ਸੀ। ਉਨ੍ਹਾਂ ਦਾ ਖਾਣਾ-ਪੀਣਾ ਬਹੁਤ ਘਟ ਗਿਆ ਸੀ। ਪਤਾ ਨਹੀਂ ਕਿੰਨੇ ਕੁ ਲੋਕਾਂ ਦੀ ਇਹ ਹਾਲਤ ਹੋਈ ਹੋਵੇਗੀ। ਲੋਕਾਂ ਦੇ ਮਨਾਂ ਵਿਚ ਬਹੁਤ ਰੋਹ ਭਰਿਆ ਹੋਇਆ ਸੀ। ਪਿੰਡਾਂ ਤੋਂ ਲੋਕਾਂ ਨੇ ਗੁਰਦੁਆਰਾ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ ਪਰ ਉਨ੍ਹਾਂ ਨੂੰ ਫ਼ਤਹਿਗੜ੍ਹ ਸਾਹਿਬ ਨਹੀਂ ਪੁੱਜਣ ਦਿੱਤਾ ਕਿਉਂਕਿ ਕਰਫਿਊ ਲੱਗਾ ਹੋਇਆ ਸੀ। ਇਸ ਦੌਰਾਨ ਕੋਈ ਝਗੜਾ ਜਾਂ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ। ਕਰਫਿਊ ਹਟਣ ਤੋਂ ਬਾਅਦ ਵੀ ਫ਼ੌਜ ਦਾ ਘੇਰਾ ਉਵੇਂ ਹੀ ਰਿਹਾ। ਸੰਗਤਾਂ ਦੀ ਆਮਦ ਸ਼ੁਰੂ ਹੋ ਗਈ ਸੀ।




No Fuel & Maintenance Charge

Level 1 Chief Flight Instructor

Train On CESSNA 172

## From PPL to CPL, Your Aviation Career Begins Here

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

## Eligibility Requirements

Age 16-29 | Permanent Resident, Canadian Citizen, Refugee Status

WESTERN COMMUNITY COLLEGE

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**


Beautiful Punjabi Manjas In Store Now!
SABZI MANDI SUPERMARKET
Serving our Community since 2003
VICTORIA LOCATION Opening Soon!
306 Burnside Road, Victoria
HOT PRICE ROMA TOMATOES ਰੋਮਾ ਟਮਾਟਰ 88¢ /lb
HOT PRICE FRESH OKRA ਭਿੰਡੀ 2.99 /lb
HOT PRICE JUMBO CAULIFLOWER ਵੱਡੀ ਗੋਭੀ 2.49 ea
HOT PRICE #1 YELLOW ONIONS #1 ਪੀਲੇ ਗੰਢੇ 50lb 10.99 ea
MDH SPICES ਐਮ. ਡੀ. ਐਚ. ਮਸਾਲੇ Select Varieties 1.99 ea
UNBEATABLE DEAL
TATA AGNI TEA ਟਾਟਾ ਅਗਨੀ ਚਾਹ 1kg 8.99 ea
HOT PRICE FRESH GINGER ਅੱਦਰਕ 1.29 /lb
AMBAY BESAN ਅੰਬੇ ਬੇਸਣ 4lb 4.99 ea
FRESH ZUCCHINI ਤੋਰੀ 79¢ /lb
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 3.99 ea
PILLSBURY CHAKKI ATTA ਪਿਲਜ਼ਬੁਰੀ ਆਟਾ 20lb 11.99 ea
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 5lb 9.99 ea
DABUR MUSTARD OIL ਡਾਬੁਰ ਸਰੋਂ ਦਾ ਤੇਲ 1L 7.99 ea
SEEDLESS WATERMELON ਮੱਤੀਰਾ 79¢ /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
JUMBO EGGPLANT ਵਤਾਊਂ 2 for $3
FRESH SPINACH ਸਾਗ Bunch 1.49 ea
FRESH METHI ਮੇਥੀ Bunch 1.49 ea
FRESH DAIKON ਮੂਲੀ 99¢ /lb
TATA SALT ਟਾਟਾ ਲੂਣ 1kg 1.99 ea
SUMMER SQUASH ਚੱਪਨ ਕੱਦੂ 1.99 /lb
FRESH TANGERINES ਟੈਂਜਰੀਨ 1.89 /lb
RUSSET POTATOES ਆਲੂ 10lb 3.99 ea
FRESH RAPINI ਸਾਗ Bunch 2.88 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. June 06, 2025 - Wed. June 11, 2025
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store locations only.